ਕਵੀਸ਼ਰੀ ਪ੍ਰਸੰਗਾ ਦੀ ਨਵੀ ਪੁਸਤਕ

# ਜਰਨੈਲ ਜੋਗੀ



## ਬੰਦਾ ਸਿੰਘ ਬਹਾਦਰ

Scanned by CamScanner

# ਪੁੱਛ-ਗਿੱਛ ਦਾ ਦਫ਼ਤਰ

1. ਦੋ ਗੱਲਾਂ 7

2. ਸ਼ਹੀਦੀ ਛੋਟੇ ਸਾਹਿਬਜ਼ਾਦੇ 9

3. ਸ਼ਹੀਦੀ ਭਾਈ ਮਹਾਂ ਸਿੰਘ (ਜੰਗ ਮੁਕਤਸਰ) 53

4. ਬੰਦਾ ਬਹਾਦਰ ਦੀ ਸਰਹਿੰਦ ਉੱਤੇ ਫ਼ਤਹਿ ਤੇ ਸੂਬਾ ਵਜ਼ੀਰ ਖ਼ਾਨ ਦੀ ਮੌਤ 75



## ਦੋ ਗੱਲਾਂ

ਚੰਗਾ ਅਤੇ ਉਸਾਰੂ ਸਾਹਿਤ ਹੀ ਕੌਮਾਂ ਦਾ ਮਾਣ ਸਮਝਿਆ ਜਾਂਦਾ ਹੈ। ਸਾਨੂੰ ਆਪਣੇ ਸਿੱਖ ਧਰਮ 'ਤੇ ਏਨਾ ਫ਼ਖ਼ਰ ਹੈ ਕਿ ਸਾਡਾ ਇਤਿਹਾਸ ਹਰ ਪੱਖੋਂ ਬਹੁਤ ਧਰਮਾਂ ਨਾਲੋਂ ਬਲਵਾਨ ਅਤੇ ਨਿਰਾਲਾ ਨਜ਼ਰ ਆਉਂਦਾ ਹੈ। ਕਿੱਡੀ ਵੱਡੀ ਕਰਾਮਾਤ ਜਾਪਦੀ ਹੈ ਕਿ ਸਾਡੇ ਗੁਰੂ ਜੀ ਦੇ ਦੋ ਮਾਸੂਮ ਨੰਨ੍ਹੇ-ਮੁੰਨ੍ਹੇ ਲਾਲ ਆਪਣਾ ਧਰਮ ਨਿਭਾਉਂਦੇ ਹੋਏ ਛੇ ਸਾਲ ਅਤੇ ਅੱਠ ਸਾਲ ਦੀ ਉਮਰ ਵਿਚ ਨੀਹਾਂ ਵਿਚ ਚਿਣੇ ਗਏ, ਜਿਸ ਦੀ ਮਿਸਾਲ ਦੁਨੀਆਂ ਦੇ ਕਿਸੇ ਹੋਰ ਇਤਿਹਾਸ ਵਿਚ ਨਹੀਂ ਮਿਲਦੀ। ਸੋ ਐਸੇ ਸੁਨਹਿਰੀ ਇਤਿਹਾਸ ਨੂੰ ਸ਼ਿੰਗਾਰ ਕੇ ਪ੍ਰਚਾਰ ਕਰਨਾ ਸਾਡਾ ਲਿਖਾਰੀਆਂ ਤੇ ਕਵੀ ਲੋਕਾਂ ਦਾ ਫ਼ਰਜ਼ ਬਣਦਾ ਹੈ। ਇਸ ਲਈ ਇਸ ਪੁਸਤਕ ਵਿਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਬੜੇ ਸੋਹਣੇ ਢੰਗ ਨਾਲ ਬਿਆਨਿਆ ਗਿਆ ਹੈ। ਜਿਥੇ ਇਹ ਅਦੁੱਤੀ ਕੁਰਬਾਨੀ ਦੱਸੀ ਗਈ ਹੈ, ਇਸ ਦੇ ਨਾਲ ਹੀ ਬਾਬਾ ਬੰਦਾ ਸਿੰਘ ਬਹਾਦਰ ਸਰਹਿੰਦ ਸ਼ਹਿਰ ਨੂੰ ਉਜਾੜਦਾ ਵਿਖਾਇਆ ਗਿਆ ਹੈ। ਇਸੇ



Scanned by CamScanner

ਪੁਸਤਕ ਵਿਚ ਹੀ ਸ਼ਹੀਦ ਭਾਈ ਮਹਾਂ ਸਿੰਘ ਦੀ ਸ਼ਹੀਦੀ ਬਿਆਨ ਕੀਤੀ ਗਈ ਹੈ। ਜਿਸ ਨੇ ਸਾਨੂੰ ਦੁਬਾਰਾ ਗੁਰੂ ਨਾਲ ਜੋੜਿਆ ਹੈ।

ਸੋ ਮੈਂ ਆਸ ਕਰਦਾ ਹਾਂ ਕਿ ਪਾਠਕ ਇਸ ਤੋਂ ਸਹੀ ਸੇਧ ਲੈਣਗੇ ਅਤੇ ਅੱਗੇ ਵਾਂਗ ਹੀ ਇਸ ਪੁਸਤਕ ਨੂੰ ਵੀ ਮਾਣ ਦੇਣਗੇ।

ਸੰਗਤਾਂ ਦਾ ਦਾਸ
**ਗੁਰਮੁਖ ਸਿੰਘ ਬੀ.ਐਸ-ਸੀ.**



ੴ ਸਤਿਗੁਰ ਪ੍ਰਸਾਦਿ॥

## ਪ੍ਰਸੰਗ
## ਸ਼ਹੀਦੀ ਛੋਟੇ ਸਾਹਿਬਜ਼ਾਦੇ

ਜਦੋਂ ਕਲਗੀਆਂ ਵਾਲੇ ਨੇ ਵਕਤ ਵਿਚਾਰ ਕੇ ਅਨੰਦਪੁਰ ਦਾ ਕਿਲ੍ਹਾ ਛੱਡਿਆ, ਵੈਰੀ ਕਸਮਾਂ ਭੁਲਾ ਕੇ ਗੁਰੂ ਜੀ 'ਤੇ ਟੁੱਟ ਪਏ। ਸਰਸਾ ਕੰਢੇ ਬੜਾ ਭਾਰਾ ਯੁੱਧ ਹੋਇਆ। ਗੁਰੂ ਜੀ ਦਾ ਪਰਿਵਾਰ ਖੇਰੂੰ-ਖੇਰੂੰ ਹੋ ਗਿਆ। ਇਥੇ ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਗੰਗਾ ਰਾਮ (ਗੰਗੂ) ਬ੍ਰਾਹਮਣ ਨੂੰ ਮਿਲ ਪਏ, ਜੋ ਗੁਰੂ ਜੀ ਦਾ ਪੁਰਾਣਾ ਰਸੋਈਆ ਸੀ। ਗੰਗੂ ਉਹਨਾਂ ਨੂੰ ਆਪਣੇ ਪਿੰਡ ਖੇੜੀ ਲੈ ਗਿਆ। ਮਾਤਾ ਜੀ ਤੇ ਸਾਹਿਬਜ਼ਾਦਿਆਂ ਦਾ ਪਿਛਲੇ ਅੰਦਰ ਡੇਰਾ ਕਰਵਾ ਦਿੱਤਾ। ਗੰਗੂ ਦਾ ਮਨ ਮੋਹਰਾਂ ਵੇਖ ਕੇ ਬੇਈਮਾਨ ਹੋ ਗਿਆ। ਇਥੇ ਪੰਜਾਬੀ ਦੇ ਪ੍ਰਸਿੱਧ ਪੀਰ-ਕਵੀ ਸ. ਵਿਧਾਤਾ ਸਿੰਘ 'ਤੀਰ' ਜੀ ਨੇ ਬੜਾ ਸੋਹਣਾ ਲਿਖਿਆ ਹੈ:

ਅਸਲ ਵਿਚ ਸੀ ਨੀਤ ਨੂੰ ਹਾਰ ਬੈਠਾ,
ਵਿਚ ਛੱਟ ਦੇ ਵੇਖ ਕੇ ਮਾਲ ਗੰਗੂ।



Scanned by CamScanner

'ਤੀਰ' ਪੁੱਤ ਸੀ ਭਾਵੇਂ ਬ੍ਰਾਹਮਣਾਂ ਦਾ,
ਐਪਰ ਨਿਕਲਿਆ ਬੜਾ ਚੰਡਾਲ ਗੰਗੂ।
ਲਾਲਚ-ਵੱਸ ਹੋ ਕੇ ਨੀਚ ਗੰਗੂ ਆਪਣੀ ਮਾਤਾ ਨੂੰ ਸਾਹਿਬਜ਼ਾਦਿਆਂ ਦੇ ਖਾਣੇ ਵਿਚ ਜ਼ਹਿਰ ਪਾਉਣ ਲਈ ਇਉਂ ਕਹਿੰਦਾ ਹੈ:

## ਦਵੱਈਆ

1

ਜ਼ਾਲਮ ਪਾਪੀ ਡਲੀ ਜ਼ਹਿਰ ਦੀ,
ਮਾਂ ਨੂੰ ਕੱਢ ਵਿਖਾਲੀ।
ਕਹਿਣ ਲੱਗਾ ਹੁਣ ਥਾਂ ਪਵੇਗੀ,
ਘਾਲ ਉਮਰ ਦੀ ਘਾਲੀ।
ਮਾਂ ਸਤਿਗੁਰੂ ਦੀ ਬੁਝ ਨਾ ਸਕੇ,
ਐਸਾ ਜਾਲ ਫੈਲਾ ਦੇ।
ਗੰਗੂ ਆਖੇ ਲੈ ਮਾਤਾ ਜੀ,
ਖਾਣੇ ਜ਼ਹਿਰ ਮਿਲਾ ਦੇ।

2

ਧਨ ਦੀ ਖੁਰਜੀ ਕੋਲ ਇਹਨਾਂ ਦੇ,
ਬਣੀਏ ਸੇਠ ਚੁਰਾ ਕੇ।
ਅੱਜ ਦੇ ਸੁੱਤੇ ਫੇਰ ਨਾ ਜਾਗਣ,
ਇਉਂ ਸੁਆ ਵਰਾ ਕੇ।
ਪਿਉ ਦੇ ਕੋਲ ਨਹੀਂ ਕੰਮ ਇਹਨਾਂ ਦਾ,



ਦਾਦੇ ਕੋਲ ਘਲਾ ਦੇ।
ਗੰਗੂ ਆਖੇ ਲੈ... ...

3

ਮਣਾਂ ਮੂੰਹੀਂ ਸੋਨੇ ਦੀਆਂ ਮੋਹਰਾਂ,
ਕਿਸਮਤ ਨਾਲ ਹੱਥ ਆਈਆਂ।
ਫਿਰ ਜ਼ਿੰਦਗੀ ਵਿਚ ਐਸਾ ਮੌਕਾ,
ਆਉਣ ਨਹੀਂ ਦੇਣਾ ਸਾਈਆਂ।
ਜਿਹੜਾ ਜਗ 'ਤੇ ਸਦਾ ਨਾ ਚੱਲੇ,
ਖੋਟਾ ਸਿੱਕਾ ਚਲਾ ਦੇ।
ਗੰਗੂ ਆਖੇ ਲੈ... ...

4

ਹੁਣ ਇਹਨਾਂ ਦਾ ਜ਼ੋਰ ਰਿਹਾ ਨਹੀਂ,
ਸਿੰਘ ਸਰਕਾਰ ਨੇ ਮਾਰੇ।
ਹੁਣ ਸਾਨੂੰ ਕੁਝ ਕਰ ਨਹੀਂ ਸਕਦੇ,
ਇਹ ਦੋ ਬਾਲ ਵਿਚਾਰੇ।
ਹੁਣ ਨਹੀਂ ਜ਼ੋਰ ਇਹਨਾਂ ਦਾ ਪੈਣਾ,
ਇਹ ਡਰ ਦਿਲੋਂ ਭੁਲਾ ਦੇ।
ਗੰਗੂ ਆਖੇ ਲੈ... ...

5

ਫੜ ਫੜ ਸਿੰਘ ਸਰਕਾਰ ਨੇ ਮਾਰੇ,
ਮਾਰ ਦਿੱਤੇ ਨੇ ਜਾਨੋਂ।



Scanned by CamScanner

ਤਾਹੀਉਂ ਮੈਨੂੰ ਡਰ ਨਹੀਂ ਆਉਂਦਾ,
ਹੁਣ ਸਿੰਘਾਂ ਦੀ ਸ਼ਾਨੋਂ।
ਸੁੱਤੇ ਸੌਂ ਜਾਣ ਜਾਗ ਨਾ ਖੁੱਲ੍ਹੇ,
ਐਸੇ ਜਾਮ ਪਿਲਾ ਦੇ।
ਗੰਗੂ ਆਖੇ ਲੈ... ...

6

ਛੋਟਿਆਂ ਤੋਂ ਵੱਡੇ ਬਣ ਜਾਂਦੇ,
ਜਿਨ੍ਹਾਂ ਨੂੰ ਮਿਲ ਜੇ ਮਾਇਆ।
ਜਾਪ ਰਿਹਾ ਹੈ ਸਾਡਾ ਮਾਲਕ,
ਅੱਜ ਖ਼ੁਸ਼ੀ ਵਿਚ ਆਇਆ।
ਸਾਨੂੰ ਹਵਾ ਸੁਖਾਂ ਦੀ ਆਵੇ,
ਦੁੱਖ ਦੁਪਹਿਰ ਢਾਲ ਦੇ।
ਗੰਗੂ ਆਖੇ ਲੈ... ...

7

ਪਛਤਾਉਂਦੇ ਜੋ ਮਾਤਾ ਜੀ,
ਵੇਲਾ ਹੱਥੋਂ ਗਵਾਉਂਦੇ।
ਸਮਝ ਲਵੋ ਕਿ ਫਿਰ ਐਸੇ ਮੌਕੇ,
ਬਾਰ-ਬਾਰ ਨਹੀਂ ਆਉਂਦੇ।
ਮਿੱਠੀ ਖੀਰ 'ਚ ਜ਼ਹਿਰ ਰਲਾ ਕੇ,
ਚਮਚਾਂ ਨਾਲ ਖੁਵਾ ਦੇ।
ਗੰਗੂ ਆਖੇ ਲੈ... ...



8

ਗ਼ਮੀ ਖ਼ੁਸ਼ੀ ਨਹੀਂ ਵਕਤ ਵੇਂਹਦੀਆਂ,
ਜਦੋਂ ਚਾਹੁਣ ਆ ਜਾਵਣ।
ਜਿਸ ਬੰਦੇ ਕੋਲ ਹੋਏ ਨਾ ਪੈਸਾ,
ਸੱਜਣ ਮੁੱਖ ਛੁਪਾਵਣ।
ਚੜ੍ਹ ਜਾਵੇ ਸੁਖਾਂ ਦਾ ਸੂਰਜ,
ਕਸ਼ਟ ਪਹਾੜ ਹਿਲਾ ਦੇ।
ਗੰਗੂ ਆਖੇ ਲੈ... ...

9

ਜੇ ਮਾਤਾ ਮੈਂ ਸੇਠ ਹੋ ਜਾਵਾਂ,
ਦਸ ਤੇਰਾ ਕੀ ਜਾਂਦਾ।
ਲੱਗੇ ਦਾਗ਼ ਤਾਂ ਲਾਹੁਣਾ ਚਾਹੀਏ,
ਕੁਲ ਜ਼ਮਾਨਾ ਆਂਹਦਾ।
'ਜੋਗੀ' ਬਣਿਆਂ ਕੁਝ ਨਹੀਂ ਬਣਦਾ,
ਫੁੱਲ ਫ਼ਰੇਬ ਖਿੜਾ ਦੇ।
ਗੰਗੂ ਆਖੇ ਲੈ ਮਾਤਾ ਜੀ,
ਖਾਣੇ ਜ਼ਹਿਰ ਮਿਲਾ ਦੇ।

ਗੰਗੂ ਦੀ ਮਾਂ ਨੇ ਆਪਣੇ ਪੁੱਤਰ ਦੀ ਖੋਟੀ ਨੀਤ ਵੇਖੀ। ਮਾਂ ਦਾ ਦਿਲ ਪਿਘਲ ਆਇਆ। ਮਾਂ ਨੇ ਸੋਚਿਆ ਜੇ ਪੁੱਤਰ ਇਸ ਤਰ੍ਹਾਂ ਪਾਪ ਕਰਨ ਤੋਂ ਬਾਜ਼ ਨਾ ਆਇਆ ਤਾਂ ਸਾਡੇ ਮੱਥੇ ਕਲੰਕ ਦਾ ਟਿੱਕਾ ਲੱਗ ਜਾਵੇਗਾ। ਪੁੱਤਰਾਂ ਦੇ ਦਰਦ



Scanned by CamScanner

ਕੇਵਲ ਮਾਂ ਦਾ ਹਿਰਦਾ ਹੀ ਜਾਣਦਾ ਹੈ। ਪਾਪੀ ਨੂੰ ਇਸ ਕਹਿਰ ਤੋਂ ਵਰਜਣ ਲਈ ਗੰਗੂ ਦੀ ਮਾਂ ਸੋਭੀ ਇਉਂ ਪ੍ਰੇਰਨਾ ਕਰਦੀ ਹੈ:

ਤਰਜ਼-ਬੋਲੀਆਂ ਲੜੀਦਾਰ

ਆਖਿਆ ਸੋਭੀ ਨੇ,
ਇਹ ਮੋਹਰਾ ਨਾ ਖਾਵੀਂ।
ਆਖਿਆ ਸੋਭੀ ਨੇ,
ਇਹ ਨਾ ਕਹਿਰ ਕਮਾਵੀਂ।
ਆਖਿਆ ਸੋਭੀ ਨੇ... ...

1

ਜਦ ਪਾਪੀ ਨੇ ਡਲੀ ਜ਼ਹਿਰ ਦੀ,
ਮਾਂ ਨੂੰ ਕੱਢ ਫੜਾਈ।
ਇਹ ਕੀ ਕਰਨ ਲੱਗਾ ਏਂ ਬੇਟਾ,
ਕੀ ਤੇਰੇ ਦਿਲ ਆਈ।
ਮਾਇਆ ਨਾਲ ਨਾ ਗਈ ਕਿਸੇ ਦੇ,
ਦਗ਼ਿਆਂ ਨਾਲ ਕਮਾਈ।
ਵੇ ਬੇਟਾ ਮੈਂ ਤਰਲੇ ਕਰਦੀ,
ਦਾਗ਼ ਨਾ ਕੁਲ ਨੂੰ ਲਾਵੀਂ।
ਆਖਿਆ ਸੋਭੀ ਨੇ,
ਇਹ ਮੋਹਰਾ ਨਾ ਖਾਵੀਂ।
ਆਖਿਆ ਸੋਭੀ ਨੇ... ...



2

ਸੋਲਾਂ ਸਾਲ ਰਸੋਈਆ ਰਹਿ ਕੇ,
ਹੁਣ ਇਹ ਭੱਲ ਨਾ ਖੱਟੀਂ।
ਜਿਸ ਘਰ 'ਚੋਂ ਤਨਖ਼ਾਹਾਂ ਲਈਆਂ,
ਨਾ ਦਰਵਾਜ਼ਾ ਪੱਟੀਂ।
ਜਿਸ ਨਾਲ ਬੰਦੇ ਮਰ ਜਾਂਦੇ ਨੇ,
ਤੂੰ ਉਹ ਜ਼ਹਿਰ ਨਾ ਚੱਟੀਂ।
ਧਰਮੀ ਜਿਸ ਰਾਹ ਰਹਿਣ ਨਾ ਜੀਊਂਦੇ,
ਉਸ ਰਸਤੇ ਨਾ ਜਾਵੀਂ।
ਆਖਿਆ ਸੋਭੀ ਨੇ,
ਇਹ ਮੋਹਰਾ ਨਾ ਖਾਵੀਂ।
ਆਖਿਆ ਸੋਭੀ ਨੇ... ...

3

ਰਾਮ ਚੰਦਰ ਤੋਂ ਸੋਹਣੇ ਬੇਟਾ,
ਗੋਬਿੰਦ ਸਿੰਘ ਦੇ ਪੁੱਤਰ।
ਹੋਣੀ ਦਾ ਮਨ ਮੋਹਣੇ ਬੇਟਾ,
ਗੋਬਿੰਦ ਸਿੰਘ ਦੇ ਪੁੱਤਰ।
ਪਾਪੀ ਦਾ ਦਿਲ ਖੋਹਣੇ ਬੇਟਾ,
ਗੋਬਿੰਦ ਸਿੰਘ ਦੇ ਪੁੱਤਰ।
ਤਰਲੇ ਮੈਂ ਕਰਦੀ,
ਫੁੱਲ ਨਾ ਅੱਗ ਵਿਚ ਪਾਵੀਂ।



Scanned by CamScanner

ਆਖਿਆ ਸੋਭੀ ਨੇ,
ਇਹ ਮੋਹਰਾ ਨਾ ਖਾਵੀਂ।
ਆਖਿਆ ਸੋਭੀ ਨੇ... ...

4

ਘਰ ਤੇਰੇ ਦਾਤੇ ਘੱਲੇ,
ਟਹਿਲ ਕਮਾ ਲੈ ਰੱਜ ਕੇ।
ਕਲਗੀਧਰ ਦੀ ਸੇਵਾ ਕਰ ਲੈ,
ਰੀਝਾਂ ਲਾਹ ਲੈ ਰੱਜ ਕੇ।
ਅੱਠ ਮਹੀਨੇ ਦੀਆਂ ਭੁੱਖਾਂ ਕੱਟੀਆਂ,
ਰਸਦ ਛਕਾ ਲੈ ਰੱਜ ਕੇ।
ਕਲਗੀਧਰ ਨਾਲ ਮਸਾਂ ਬਣੀ ਹੈ,
ਗੱਲ ਨਾ ਕਿਤੇ ਗਵਾਈਂ।
ਆਖਿਆ ਸੋਭੀ ਨੇ,
ਇਹ ਮੋਹਰਾ ਨਾ ਖਾਵੀਂ।
ਆਖਿਆ ਸੋਭੀ ਨੇ... ...

5

ਜੇ ਤੱਕ ਲੈ ਵੇ ਬੰਸੀ ਵਾਲਾ,
ਇਨ੍ਹਾਂ ਨੂੰ ਯਾਰ ਬਣਾ ਲੈ।
ਕੋਲ ਬੈਠ ਕੇ ਨਾਲ ਇਨ੍ਹਾਂ ਦੇ,
ਇਕ ਵਿਚਾਰ ਬਣਾ ਲੈ।
ਭਾਰਤ ਮਾਤਾ ਵੇਖ ਲਵੇ ਤਾਂ,
ਗਲ ਦਾ ਹਾਰ ਬਣਾ ਲੈ।
ਪਿਉ ਦੀ ਗੱਲ ਉੱਤੇ,
ਕਾਲਖ ਨਾ ਛਿੜਕਾਵੀਂ।
ਆਖਿਆ ਸੋਭੀ ਨੇ,
ਇਹ ਮੋਹਰਾ ਨਾ ਖਾਵੀਂ।
ਆਖਿਆ ਸੋਭੀ ਨੇ... ...

8

ਵੇਖ ਲੈ ਬੇਟਾ ਕੇਵੇਂ ਲੇਟੇ,
ਨਾਲ ਥਕੇਵੇਂ ਥੱਕੇ।
ਦੁਨੀਆਂ ਵਾਲੇ ਬਾਲਕ ਸਮਝਣ,
ਪਰ ਇਹ ਅਕਲ ਦੇ ਪੱਕੇ।
ਮੈਂ ਚਾਹੁੰਨੀ ਉਹ ਅੱਖ ਨਿਕਲ ਜੇ,
ਜੋ ਇਨ੍ਹਾਂ ਵੱਲ ਤੱਕੇ।
ਚੰਗਾ ਬਣਿਆ ਰਹੋ,
ਮੰਦੇ ਨਾ ਲੇਖ ਲਿਖਾਵੀਂ।
ਆਖਿਆ ਸੋਭੀ ਨੇ,
ਇਹ ਮੋਹਰਾ ਨਾ ਖਾਵੀਂ।
ਆਖਿਆ ਸੋਭੀ ਨੇ... ...

9

ਜ਼ਿਦ ਕਿਉਂ ਕਰਦੈਂ ਗੰਗਾ ਰਾਮਾ,
ਨੀਤ ਕਿਉਂ ਕਰਦੈਂ ਮਾੜੀ।




Scanned by CamScanner

ਤਲਬਾਂ ਦੇ ਕੇ ਕਲਗੀਧਰ ਨੇ,
ਤੇਰੀ ਗੁੱਡੀ ਚਾੜ੍ਹੀ।
ਬੁੱਢੜੀ ਮਾਂ ਦੇ ਆਖੇ ਲੱਗ ਜਾ,
ਕੰਡੇ ਨਾ ਬੀਜ ਅਗਾੜੀ।
ਸਵਰਗੀਂ ਵੱਸਦੇ ਹਾਂ,
ਨਰਕ ਨਾ ਕਿਤੇ ਵਿਖਾਵੀਂ।
ਆਖਿਆ ਸੋਭੀ ਨੇ,
ਇਹ ਮੋਹਰਾ ਨਾ ਖਾਵੀਂ।
ਆਖਿਆ ਸੋਭੀ ਨੇ... ...

10

ਖਵਰੇ ਫੇਰ ਮਿਲੇ ਨਾ ਵੇਲਾ,
ਹੋ ਗਏ ਮੇਲ ਸੰਜੋਗੀ।
ਜੀਊਣ ਖ਼ੁਸ਼ੀ ਦਾ ਜੀਉ ਨਹੀਂ ਸਕਦੇ,
ਮਾਇਆ ਧਾਰੀ ਰੋਗੀ।
ਲਾਲਚ ਦੀ ਪੱਟੀ ਨਹੀਂ ਪੜ੍ਹਦੇ,
ਪੂਰਨ ਪੂਰੇ 'ਜੋਗੀ'।
'ਗੁਰਮੁਖ' ਬਣਿਆ ਰਹੋ,
ਧਰਮ ਦੀ ਕੰਧ ਨਾ ਢਾਵੀਂ।
ਆਖਿਆ ਸੋਭੀ ਨੇ,
ਇਹ ਮੋਹਰਾ ਨਾ ਖਾਵੀਂ।
ਆਖਿਆ ਸੋਭੀ ਨੇ,
ਇਹ ਨਾ ਕਹਿਰ ਕਮਾਵੀਂ।



ਮਾਤਾ ਦੇ ਕਹਿਣ 'ਤੇ ਜ਼ਹਿਰ ਦੇਣ ਦੀ ਨੀਤ ਤਾਂ ਤਿਆਗ ਦਿੱਤੀ ਪਰੰਤੂ ਮਾਇਆ ਚੁੱਕਣੋਂ ਨਾ ਟਲਿਆ। ਵਕਤ ਵਿਚਾਰ ਕੇ ਅੱਧੀ ਰਾਤ ਨੂੰ ਮਾਇਆ ਚੁੱਕ ਲਈ ਤੇ ਕੋਠੇ ਚੜ੍ਹ ਕੇ 'ਚੋਰ-ਚੋਰ' ਕਹਿ ਕੇ ਰੌਲਾ ਪਾ ਦਿੱਤਾ। ਜਦ ਮਾਤਾ ਜੀ ਨੇ ਰੌਲਾ ਪਾਉਣ ਤੋਂ ਰੋਕਿਆ ਤਾਂ ਗੰਗੂ ਬੁਰਾ-ਭਲਾ ਬੋਲਦਾ ਘਰੋਂ ਨਿਕਲਿਆ ਤੇ ਥਾਣੇਦਾਰ ਜਾਨੀ ਖ਼ਾਂ ਤੇ ਮਾਨੀ ਖ਼ਾਂ ਮੋਰਿੰਡੇ ਵਾਲਿਆਂ ਨੂੰ ਨਾਲ ਲਿਆ ਕੇ ਦੋਵੇਂ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਪਹਿਲੀ ਰਾਤ ਮੋਰਿੰਡੇ ਦੇ ਥਾਣੇ ਵਿਚ ਲਿਜਾ ਕੇ ਤਿੰਨਾਂ ਜਿੰਦਾਂ ਨੂੰ ਠੰਢੇ ਬੁਰਜ ਵਿਚ ਕੈਦ ਕਰ ਦਿੱਤਾ। ਕੁਝ ਦਿਨ ਭੁੱਖੇ-ਤਿਹਾਏ ਸਰਦੀ ਵਿਚ ਉਹ ਕੈਦ ਰਹੇ। ਜ਼ਾਲਮਾਂ ਦੀ ਕਚਹਿਰੀ ਲੱਗੀ, ਸਾਹਿਬਜ਼ਾਦਿਆਂ ਨੂੰ ਪੇਸ਼ ਕਰਨ ਦਾ ਹੁਕਮ ਹੋਇਆ। ਸਿਪਾਹੀ ਹੁਕਮ ਲੈ ਕੇ ਮਾਤਾ ਜੀ ਪਾਸ ਪਹੁੰਚੇ ਤਾਂ ਮਾਤਾ ਜੀ ਆਪਣੇ ਮਾਸੂਮ ਬੱਚਿਆਂ ਨੂੰ ਕਚਹਿਰੀ ਵਿਚ ਭੇਜਣ ਲਈ ਇਉਂ ਜਗਾਉਂਦੇ ਹਨ:

### ਕੋਰੜਾ ਛੰਦ

1

ਸੁਬ੍ਹਾ ਵੇਲੇ ਮਾਤਾ ਜੀ ਜਗਾਵੇ ਪੋਤਿਆਂ ਨੂੰ।
ਸਿੱਖੀ ਦੀ ਮੁਹਾਰਨੀ ਸਿਖਾਵੇ ਪੋਤਿਆਂ ਨੂੰ।
ਸੱਧਰਾਂ 'ਚ ਲੰਘੇ ਸਭ ਸਾਲ ਦੂਲਿਓ।
ਜਾਗੋ ਮੇਰੇ ਲਾਲ਼ ਦਿਉ ਲਾਲ ਦੂਲਿਓ।



Scanned by CamScanner

2

ਪੂਰਨ ਵਿਰੋਧੀ ਨਾ ਧਰਮ ਹਾਰਿਓ।
ਹੋਣੀ ਕਹੇ ਤਾਂ ਜ਼ਿੰਦਗੀ ਦੀ ਭੇਟਾ ਤਾਰਿਓ।
ਧਰਮ ਦੀ ਬਣਾਉਣੀ ਜਾਨ ਢਾਲ ਦੂਲਿਓ।
ਜਾਗੋ ਮੇਰੇ ਲਾਲ... ...

3

ਜਿਹੜੇ ਪਿੱਛੇ ਸੱਚ ਦੇ ਕਸ਼ਟ ਸਹਿਣਗੇ।
ਦੁਨੀਆਂ 'ਤੇ ਉਨ੍ਹਾਂ ਦੇ ਨਿਸ਼ਾਨ ਰਹਿਣਗੇ।
ਘਾਲਣਾ ਜਾਉਗੇ ਜਿਹੜੀ ਘਾਲ ਦੂਲਿਓ।
ਜਾਗੋ ਮੇਰੇ ਲਾਲ... ...

4

ਖਤਾ ਖਾਵੋ ਵਕਤੋਂ ਜੋ ਲੇਟ ਹੋਵੋਗੇ।
ਪੂਜੇ ਜਾਉ ਜੇ ਵੈਰੀਆਂ ਦੀ ਭੇਟ ਹੋਵੋਗੇ।
ਘੂਰੇ ਤੁਹਾਨੂੰ ਕੀਹਦੀ ਮਜਾਲ ਦੂਲਿਓ।
ਜਾਗੋ ਮੇਰੇ ਲਾਲ... ...

5

ਤੁਸੀਂ ਲਾਲ, ਲਾਲ ਜੋ ਗੁਰੂ ਗੋਬਿੰਦ ਦੇ।
ਜੀਹਦੇ ਪਿਤਾ ਰਾਖੇ ਦੁਖਿਆਰ ਹਿੰਦ ਦੇ।
ਮਾਤਾ ਨੇ ਨਹੀਂ ਹੋਣਾ ਤੁਹਾਡੇ ਨਾਲ ਦੂਲਿਓ।
ਜਾਗੋ ਮੇਰੇ ਲਾਲ... ...



6

ਬੰਦ ਕਰ ਦੇਣ ਵੈਰੀ ਛੁਰੀ ਸ਼ਰ੍ਹਾ ਦੀ।
ਜਾਵੇ ਜੇ ਬਦਲ ਨਿਗ੍ਹਾ ਬੁਰੀ ਸ਼ਰ੍ਹਾ ਦੀ।
ਸਾਰਿਆਂ ਨੂੰ ਮਾਰ ਬਹੇਗਾ ਕਾਲ ਦੂਲਿਓ।
ਜਾਗੋ ਮੇਰੇ ਲਾਲ... ...

7

ਕੱਦੋਂ ਛੋਟੇ ਅਕਲੋਂ ਜਵਾਨ ਬੇਟਿਓ।
ਡੋਲ ਜਾਏ ਨਾ ਜ਼ਿਮੀਂ ਅਸਮਾਨ ਬੇਟਿਓ।
ਕਾਇਮ ਕਰੋ ਜਗ 'ਤੇ ਮਿਸਾਲ ਦੂਲਿਓ।
ਜਾਗੋ ਮੇਰੇ ਲਾਲ... ...

8

ਹੱਸ ਮੌਤ ਕਰੋ ਜ਼ਿੰਦਗੀ ਦੀ ਬੂਟੀ ਨੂੰ।
ਯਾਦ ਰੱਖੇ ਪੀਂਘ ਵੱਡਿਆਂ ਦੀ ਝੂਟੀ ਨੂੰ।
ਕੂੜ ਗੱਲਾਂ ਕਰਦੇ ਕੰਗਾਲ ਦੂਲਿਓ।
ਜਾਗੋ ਮੇਰੇ ਲਾਲ... ...

9

ਤੁਹਾਡੀ ਜਿੱਤ ਦੁਨੀਆਂ ਦੇ ਹਾਈ ਕੋਰਟ 'ਚ।
ਗਾਜ਼ਿਆਂ ਤੋਂ ਵੱਧ ਜ਼ੋਰ ਤੁਹਾਡੀ ਵੋਟ 'ਚ।
ਜਿੱਤਦੇ ਨਹੀਂ ਕੂੜ ਦੇ ਜੱਲਾਦ ਦੂਲਿਓ।
ਜਾਗੋ ਮੇਰੇ ਲਾਲ... ...



Scanned by CamScanner

10

ਚਲੋ ਬੇਟਾ ਜਾਣਾ ਜੇ ਕਚਹਿਰੀ ਸੂਬੇ ਦੀ।
ਡਰਿਉ ਨਾ ਵੇਖ ਅੱਖ ਗਹਿਰੀ ਸੂਬੇ ਦੀ।
'ਜੋਗੀ' ਸੱਚ ਹੋਣਾ ਏਂ ਬਹਾਲ ਦੂਲਿਓ।
ਜਾਗੋ ਮੇਰੇ ਲਾਲ ਦਿਉ ਲਾਲ ਦੂਲਿਓ।

ਵਜ਼ੀਰ ਖ਼ਾਨ ਦੀ ਕਚਹਿਰੀ ਪੂਰੀ ਸੱਜੀ ਹੋਈ ਸੀ। ਸਾਹਿਬਜ਼ਾਦੇ ਨਿਧੜਕ ਹੋ ਕੇ ਮਾਤਾ ਜੀ ਦੀ ਸਿੱਖਿਆ ਅਨੁਸਾਰ ਸ਼ੇਰਾਂ ਵਾਂਗ ਕਚਹਿਰੀ ਵਿਚ ਦਾਖ਼ਲ ਹੋਏ। ਜਾਂਦਿਆਂ ਹੀ ਸ਼ੇਰ ਦਿਆਂ ਪੁੱਤਰਾਂ ਨੇ ਫ਼ਤਹਿ ਬੁਲਾਈ। ਬੱਚਿਆਂ ਦੇ ਮੂੰਹੋਂ ਫ਼ਤਹਿ ਦੀ ਆਵਾਜ਼ ਸੁਣ ਕੇ ਸਾਰਿਆਂ ਨੂੰ ਅੱਗ ਲੱਗ ਗਈ। ਦੀਵਾਨ ਸੁੱਚਾ ਨੰਦ ਨੇ ਧਮਕੀ ਦਿੰਦਿਆਂ ਕਿਹਾ, "ਮਾਸੂਮ ਬੱਚਿਓ! ਇਹ ਗੁਰੂ ਗੋਬਿੰਦ ਸਿੰਘ ਦਾ ਦਰਬਾਰ ਨਹੀਂ, ਅੰਮ੍ਰਿਤਸਰ ਦਾ ਹਰਿਮੰਦਰ ਨਹੀਂ, ਅਨੰਦਪੁਰ ਦੀ ਧਰਤੀ ਨਹੀਂ, ਜਿਥੇ ਤੁਹਾਡੀ ਫ਼ਤਹਿ ਪ੍ਰਵਾਨ ਹੋਵੇਗੀ। ਇਹ ਸੂਬਾ ਸਰਹਿੰਦ ਖ਼ਾਨ ਵਜ਼ੀਰ ਖ਼ਾਨ ਦੀ ਕਚਹਿਰੀ ਹੈ। ਜਾਨ ਚਾਹੁੰਦੇ ਹੋ ਤਾਂ ਸਲਾਮ ਕਰੋ, ਨਹੀਂ ਤਾਂ ਮਾਰੇ ਜਾਓਗੇ।"

ਇੰਨੀ ਗੱਲ ਸੁਣ ਕੇ ਸਾਹਿਬਜ਼ਾਦੇ ਜੋਸ਼ ਵਿਚ ਆ ਗਏ। ਗੁਰੂ ਤੇਗ਼ ਬਹਾਦਰ ਜੀ ਦਾ ਪਵਿੱਤਰ ਖ਼ੂਨ ਖੌਲ ਉੱਠਿਆ। ਸਾਹਿਬਜ਼ਾਦਿਆਂ ਨੇ ਬੇਖ਼ੌਫ਼ ਹੋ ਕੇ ਆਖਿਆ, "ਅਸੀਂ ਕੇਵਲ ਫ਼ਤਹਿ ਬੁਲਾਉਣੀ ਜਾਣਦੇ ਹਾਂ, ਸੋ ਬੁਲਾ ਦਿੱਤੀ ਹੈ। ਅਖ਼ੀਰ



ਤਕ ਇਸੇ ਗੱਲ 'ਤੇ ਡਟੇ ਰਹਾਂਗੇ। ਸਾਨੂੰ ਮੌਤ ਦਾ ਕੋਈ ਭੈਅ ਨਹੀਂ ਹੈ, ਅਸੀਂ ਮਰਨਾ ਜਾਣਦੇ ਹਾਂ।"

ਇੰਨੀ ਛੋਟੀ ਉਮਰ ਤੇ ਇੰਨਾ ਹੌਂਸਲਾ ਵੇਖ ਕੇ ਸਭ ਹੈਰਾਨ ਹੋ ਗਏ। ਅਖ਼ੀਰ ਵਜ਼ੀਰ ਖ਼ਾਨ ਸਾਹਮਣੇ ਹੋਇਆ। ਉਹ ਇਕ ਪਾਸੇ ਤਰ੍ਹਾਂ-ਤਰ੍ਹਾਂ ਦੇ ਲਾਲਚ ਤੇ ਇਕ ਪਾਸੇ ਧਮਕੀਆਂ ਦਿੰਦਾ ਸਾਹਿਬਜ਼ਾਦਿਆਂ ਨੂੰ ਧਰਮ ਛੱਡਣ ਲਈ ਇਉਂ ਹਰ ਹਥਿਆਰ ਵਰਤਦਾ ਹੈ:

### ਕੋਰੜਾ

1

ਬਾਲਕ ਸਮਝ ਕਿਹਾ ਵਜ਼ੀਰ ਖ਼ਾਨ ਨੇ।
ਖਾਧਾ ਜਿਉਂ ਤਰਸ ਹਸਤੀ ਮਹਾਨ ਨੇ।
ਮੌਤ ਮੂਹਰੇ ਚੰਦ ਮੁਖੜਾ ਛੁਪਾਉਣਾ ਪਊ।
ਦੀਨ ਮੰਨੋ ਬਾਲੋ ਜਾਂ ਕਸ਼ਟ ਪਾਉਣਾ ਪਊ।

2

ਬਾਪ ਤੁਹਾਡਾ ਲੁਕ ਚਮਕੌਰੋਂ ਨੱਸਿਆ।
ਸਿੱਖ ਭੱਜੇ ਇਕ ਨੂੰ ਦੂਜੇ ਨਾ ਦੱਸਿਆ।
ਕੀਮਤੀ ਸਰੀਰ ਕਾਲ ਨੂੰ ਲੁਟਾਉਣਾ ਪਊ।
ਦੀਨ ਮੰਨੋ ਬਾਲੋ... ...

3

ਮਨ-ਭਾਉਂਦੇ ਡੋਲੇ ਜਿਹੜੇ ਕਹੋ ਵਿਆਹ ਦਿਆਂ।
ਨਰਕ ਵਿਸਾਰਾਂ ਸਵਰਗ ਲਿਆ ਦਿਆਂ।



Scanned by CamScanner

ਨਿੱਕੀ ਜਿਹੀ ਸੂਰਤ ਨਾਮ ਬਦਲਾਉਣਾ ਪਊ।
ਦੀਨ ਮੰਨੋ ਬਾਲੋ... ...

4

ਯਾਦ ਰੱਖੋ ਤੁਹਾਡਾ ਪਰਿਵਾਰ ਨਹੀਂ ਰਿਹਾ।
ਪਿਤਾ ਤੁਹਾਡਾ ਫ਼ੌਜੀ ਸਰਦਾਰ ਨਹੀਂ ਰਿਹਾ।
ਨਵੇਂ ਬਣੋ ਖ਼ਿਆਲ ਪਿਛਲਾ ਭੁਲਾਉਣਾ ਪਊ।
ਦੀਨ ਮੰਨੋ ਬਾਲੋ... ...

5

ਬਾਲਾਂ ਵਾਲੀ ਜ਼ਿਦ 'ਚੋਂ ਨਫ਼ਾ ਨਹੀਂ ਖੱਟੀਦਾ।
ਜਾਣ-ਬੁਝ ਬਾਲਕੋ ਨਹੀਂ ਮਹੁਰਾ ਚੱਟੀਦਾ।
ਕਲਮਾ ਨਬੀ ਦਾ ਮਨ 'ਚ ਵਸਾਉਣਾ ਪਊ।
ਦੀਨ ਮੰਨੋ ਬਾਲੋ... ...

6

ਬਣ ਕੇ ਅਨਾੜੀ ਨਹੀਂ ਜ਼ਫ਼ਰ ਜਾਲੀਦੇ।
ਹਵਾ ਦੇ ਮੁਤਾਬਿਕ ਖ਼ਿਆਲ ਢਾਲੀਦੇ।
ਧਰਮ ਤਿਆਗੋ ਦੀਨ ਅਪਨਾਉਣਾ ਪਊ।
ਦੀਨ ਮੰਨੋ ਬਾਲੋ... ...

7

ਚਾਹੁੰਦਾ ਹਾਂ ਮੈਂ ਫੁੱਲੋ ਹਵਾ ਤੱਤੀ ਲੱਗੇ ਨਾ।
ਮੌਤ ਦਾ ਫ਼ਰਿਸ਼ਤਾ ਤੁਹਾਨੂੰ ਠੱਗੇ ਨਾ।
ਦਿਲ ਵਿਚੋਂ ਨਾਮ ਸਿੱਖੀ ਦਾ ਭੁਲਾਉਣਾ ਪਊ।
ਦੀਨ ਮੰਨੋ ਬਾਲੋ... ...



8

ਰੁਤਬੇ ਜਾਗੀਰਾਂ ਲੈ ਲਊ ਮੂੰਹੋਂ ਮੰਗੀਆਂ।
ਵਕਤ ਵਿਚਾਰੋ ਤੇ ਝੱਲੋ ਨਾ ਤੰਗੀਆਂ।
ਭਾਈ ਭੁੱਲੋ ਸੀਸ ਕਾਜ਼ੀ ਨੂੰ ਨਿਵਾਉਣਾ ਪਊ।
ਦੀਨ ਮੰਨੋ ਬਾਲੋ... ...

9

ਰੰਗਲੀ ਜਵਾਨੀ ਬਾਰ-ਬਾਰ ਆਉਣੀ ਨਹੀਂ।
ਮੈਥੋਂ ਚੰਗੀ ਸਾਂਝ ਕਿਸੇ ਨੇ ਨਿਭਾਉਣੀ ਨਹੀਂ।
ਸ਼ਰ੍ਹਾ ਦੀ ਕਿਤਾਬ ਨਾਮ ਲਿਖਵਾਉਣਾ ਪਊ।
ਦੀਨ ਮੰਨੋ ਬਾਲੋ... ...

10

ਕਹਿੰਦਾ ਸੂਬੇਦਾਰ ਸਰਹਿੰਦ ਬਾਲਕੋ।
ਮੌਤ ਤੋਂ ਬਚਾ ਲਊ ਮੁੱਖ ਚੰਦ ਬਾਲਕੋ।
'ਜੋਗੀ' ਦੇ ਰਾਹਾਂ ਤੋਂ 'ਗੁਰਮੁਖਾਂ' ਨੂੰ ਆਉਣਾ ਪਊ।
ਦੀਨ ਮੰਨੋ ਬਾਲੋ ਜਾਂ ਕਸ਼ਟ ਪਾਉਣਾ ਪਊ।

ਜਦੋਂ ਸੂਬੇ ਨੇ ਵੇਖਿਆ ਕਿ ਸਾਹਿਬਜ਼ਾਦੇ ਧਰਮ ਛੱਡਣ ਤੋਂ ਆਕੀ ਹਨ ਤਾਂ ਹੋਰ ਦਲੀਲਾਂ ਨਾਲ ਸਮਝਾਉਣ ਦਾ ਯਤਨ ਕਰਦਾ ਹੈ। ਸੂਬੇ ਨੇ ਇਥੋਂ ਤਕ ਵੀ ਆਖਿਆ, "ਬੇਟਿਓ! ਮਨ-ਭਾਉਂਦੇ ਡੋਲੇ, ਜਿਹੜੇ ਆਖੋ, ਨਿਕਾਹ ਲਊ। ਮਨ-ਭਾਉਂਦੀ ਐਸ਼ ਕਰੋ। ਇਹ ਕੀਮਤੀ ਜ਼ਿੰਦਗੀ ਫਿਰ ਨਹੀਂ ਲੱਭਣੀ। ਹੋਰ ਤੁਹਾਡਾ ਕੋਈ ਨਹੀਂ ਰਿਹਾ। ਜੇ ਭਲੀ ਚਾਹੁੰਦੇ



Scanned by CamScanner

ਹੋ ਤਾਂ ਇਸਲਾਮ ਕਬੂਲ ਕਰ ਲਉ। ਦੁਨੀਆਂ 'ਤੇ ਸਤਿਕਾਰੇ ਜਾਉਗੇ।"

ਸੂਬਾ ਆਖ਼ਰੀ ਦਾਅ ਸਾਹਿਬਜ਼ਾਦਿਆਂ 'ਤੇ ਇਉਂ ਵਰਤਦਾ ਹੈ:

ਦਵੱਈਆ

1

ਸੂਬਾ ਕਹਿੰਦਾ ਸਾਹਿਬਜ਼ਾਦਿਓ,
ਤੁਹਾਡੀ ਉਮਰ ਨਿਆਣੀ।
ਵਕਤ ਗਵਾ ਕੇ ਪਿੱਛੋਂ ਚੇਤੇ,
ਆਉਂਦੀ ਮੌਤ ਸਿਆਣੀ।
ਫੁੱਲਾਂ ਵਰਗਾ ਹੱਸਦਾ ਚਿਹਰਾ,
ਕਸ਼ਟ ਨਾ ਪੈ ਜੇ ਸਹਿਣਾ।
ਦੀਨ ਕਬੂਲੋ ਖ਼ੁਸ਼ੀਆਂ ਮਾਣੋ,
ਕੀ ਸਿੱਖੀ 'ਚੋਂ ਲੈਣਾ।

2

ਨਰਕ ਸੁਰਗ ਦੀਆਂ ਝੂਠ ਜੇ ਗੱਲਾਂ,
ਇਹੋ ਹੀ ਜੱਗ ਮਿੱਠਾ।
ਇਥੋਂ ਜਾ ਕੇ ਕੋਈ ਨਹੀਂ ਮੁੜਿਆ,
ਨਰਕ ਸੁਰਗ ਕਿਨ ਡਿੱਠਾ।
ਨਹੀਂ ਦੁੱਖਾਂ ਵਿਚ ਸਾਥ ਨਿਭਾਉਣਾ,
ਸਕਿਆਂ ਭਾਈਆਂ ਭੈਣਾਂ।
ਦੀਨ ਕਬੂਲੋ... ...



3

ਡੋਲੇ ਦਿਆਂ ਬੇਟੀਆਂ ਦੇ ਮੈਂ,
ਐਸ਼ ਕਰੋ ਮਨ ਭਾਉਂਦੇ।
ਮਨ-ਮਰਜ਼ੀ ਦੇ ਮਹਿਲ ਬਣਾ ਲਉ,
ਜੋ ਮਨ ਤੁਹਾਡੇ ਚਾਹੁੰਦੇ।
ਜ਼ਿੰਦਗੀ ਬਾਗ਼ ਬਹਾਰ ਬਾਗ਼ੀ ਦਾ,
ਸਦਾ ਨਾ ਖਿੜਿਆ ਰਹਿਣਾ।
ਦੀਨ ਕਬੂਲੋ... ...

4

ਮੇਰੇ ਸਾਹਵੇਂ ਜਿਹੜਾ ਅੜਿਆ,
ਮੈਂ ਨਹੀਂ ਛੱਡਿਆ ਆਕੀ।
ਇਕ ਵਾਰਾਂ ਕਹੋ ਹੁਣੇ ਵਿਖਾਵਾਂ,
ਨਰਕ ਸੁਰਗ ਦੀ ਝਾਕੀ।
ਚੰਦਰਮਾ ਦੀਆਂ ਰੀਸਾਂ ਕਦੇ,
ਕਰ ਨਾ ਸਕੇ ਟਟਹਿਣਾ।
ਦੀਨ ਕਬੂਲੋ... ...

6

ਪਿਤਾ ਤੁਸਾਂ ਦਾ ਸਰਸਾ ਕੰਢੇ,
ਬੁਰੀ ਮੌਤ ਹੈ ਮਰਿਆ।
ਸਿੰਘਾਂ ਸਾਥੀਆਂ ਉਹਦਿਆਂ ਨੂੰ,
ਫੜ ਸਰਸਾ ਨਦੀ 'ਚ ਤਰਿਆ।



Scanned by CamScanner

ਸੰਗੀ ਕੋਈ ਨਹੀਂ ਰਿਹਾ ਤੁਸਾਂ ਦਾ,
ਹੁਣ ਕੀਹਦੇ ਸੰਗ ਬਹਿਣਾ।
ਦੀਨ ਕਬੂਲੋ... ...

7

ਸਾਰੇ ਹਿੰਦੁਸਤਾਨ ਦੇ ਉੱਤੇ,
ਚੱਲੇ ਹੁਕਮ ਤੁਮ੍ਹਾਰਾ।
ਕੇਸ ਕਟਾ ਕੇ ਪਟੇ ਬਣਾ ਲਉ,
ਵੇਖੋ ਸੁਰਗ ਨਜ਼ਾਰਾ।
ਦੇਹੀ ਬੁਰਜ ਰੇਤ ਦਾ ਬੱਚਿਓ,
ਅੰਤ ਏਸ ਨੇ ਢਹਿਣਾ।
ਦੀਨ ਕਬੂਲੋ... ...

8

ਬੱਸ ਫਿਰ ਸਾਰੀ ਦੁਨੀਆਂ ਉੱਤੇ,
ਤੁਹਾਡੇ ਇੱਜ਼ਤਾਂ ਬੱਲੇ।
ਇਸ ਦੁਨੀਆਂ ਦੇ ਹਰ ਥਾਂ ਉੱਤੇ,
ਰਾਜ ਇਸਲਾਮੀ ਚੱਲੇ।
'ਜੋਗੀ' ਕਹਿੰਦਾ ਹਰਜ ਨਾ ਕੋਈ,
ਮੰਨ ਲਉ ਮੇਰਾ ਕਹਿਣਾ।
ਦੀਨ ਕਬੂਲੋ ਖ਼ੁਸ਼ੀਆਂ ਮਾਣੋ,
ਕੀ ਸਿੱਖੀ 'ਚੋਂ ਲੈਣਾ।

ਆਹ! ਇਕ ਪਾਸੇ ਲਿਸ਼ਕਦੀ ਤਲਵਾਰ ਹੈ ਅਤੇ ਦੂਜੇ ਪਾਸੇ ਜ਼ਿੰਦਗੀ ਦੇ ਸਾਰੇ ਸੁਖ। ਛੋਟੀ ਉਮਰ ਪਰ ਵੱਡੇ ਇਰਾਦੇ,



ਸਾਹਿਬਜ਼ਾਦੇ ਰਤਾ ਵੀ ਡੋਲੇ ਨਹੀਂ। ਸਾਹਿਬਜ਼ਾਦਿਆਂ ਨੇ ਜੋਸ਼ ਨਾਲ ਆਖਿਆ ਕਿ ਸਾਡੇ ਪਿਤਾ ਨੂੰ ਕੋਈ ਮਾਰ ਨਹੀਂ ਸਕਦਾ। ਬਾਕੀ ਸਾਨੂੰ ਤੇਰੀਆਂ ਬੇਗਮਾਂ ਦੇ ਮਨ-ਭਾਉਂਦੇ ਐਸ਼ ਆਪਣੇ ਅਕੀਦੇ ਤੋਂ ਨਹੀਂ ਡੁਲਾ ਸਕਦੇ। ਇਹ ਸਿੱਖੀ ਸੀਸ ਨਾਲ ਨਿਭੇਗੀ। ਸਰਕਾਰ ਦਾ ਜ਼ੁੰਮੇਵਾਰ ਹੋ ਕੇ ਤੂੰ ਝੂਠ ਬੋਲ ਰਿਹਾ ਹੈਂ। ਕੌਣ ਕਹਿੰਦਾ ਹੈ ਕਿ ਸਾਡਾ ਪਿਤਾ ਮਰ ਚੁੱਕਾ ਹੈ।" ਸਾਹਿਬਜ਼ਾਦੇ ਸੂਬੇ ਨੂੰ ਖਰੀਆਂ-ਖਰੀਆਂ ਇਉਂ ਸੁਣਾਉਂਦੇ ਹਨ:

ਕਾਫ਼ੀ

1

ਖ਼ਾਨ ਬਾਦਸ਼ਾਹ ਡੋਲੀ ਦੇ ਦੇ,
ਬੇਸ਼ੱਕ ਮੌਤ ਕੁਵਾਰੀ ਦੀ।
ਪੂਰਾ ਭੇਤ ਜਿਹਨਾਂ ਨੂੰ ਹੋਵੇ,
ਉਥੇ ਗੱਪ ਨਹੀਂ ਮਾਰੀਦੀ।
ਬਾਲਾਂ ਮੂਹਰੇ ਦਿਲ ਦੀ ਘੁੰਡੀ,
ਬੇਸ਼ੱਕ ਖੋਲ੍ਹ ਨਾ ਬਾਦਸ਼ਾਹਾ।
ਸਾਡਾ ਪਿਤਾ ਅਜੇ ਨਹੀਂ ਮਰਿਆ,
ਝੂਠ ਬੋਲ ਨਾ ਬਾਦਸ਼ਾਹਾ।

2

ਸ਼ੇਰਾਂ ਦੇ ਪੁੱਤ ਈਨ ਨਹੀਂ ਮੰਨਦੇ,
ਪਿੰਜਰੇ ਦੇ ਵਿਚ ਪੈ ਕੇ ਵੀ।



Scanned by CamScanner

ਗੱਲ ਲੱਭ ਪਈ ਏ ਹੋ ਸਕਦੀ ਏ,
ਭਗਤੀ ਘਰ ਵਿਚ ਰਹਿ ਕੇ ਵੀ।
ਹੁਣ ਤਾਂ ਸਾਡੇ ਕੋਲ ਪੁੱਜੇ ਨੇ,
ਦੂਰ ਦੇ ਢੋਲ ਨਾ ਬਾਦਸ਼ਾਹਾ।
ਸਾਡਾ ਪਿਤਾ... ...

3

ਕਲਗੀਵਾਲਾ ਮਰਦ ਬਹਾਦੁਰ,
ਸਦਾ ਰਹੂ ਵਿਚ ਦੁਨੀਆਂ ਦੇ।
ਤੱਕ ਕੁਰਬਾਨੀ ਹਾਰ ਮੰਨਣਗੇ,
ਚੇਲੇ ਰਿਖੀਆਂ ਮੁਨੀਆਂ ਦੇ।
ਤੂੰ ਹਾਲਾਂ ਤਕ ਆਖੀ ਜਾਨੈਂ,
ਧਰਤੀ ਗੋਲ ਨਾ ਬਾਦਸ਼ਾਹਾ।
ਸਾਡਾ ਪਿਤਾ... ...

4

ਧਰਤ ਦੀ ਖ਼ਾਤਰ ਡਟ ਖੜਾਂਗੇ,
ਮਰਨ ਵਾਸਤੇ ਮਰਦ ਅਸੀਂ।
ਵਿਚ ਕਚਹਿਰੀ ਸੱਚੀਆਂ ਗੱਲਾਂ,
ਕਰਨ ਵਾਸਤੇ ਮਰਦ ਅਸੀਂ।
ਬਦਲਾ ਅਸੀਂ ਜ਼ਰੂਰ ਲਵਾਂਗੇ,
ਜਿਸਮ ਸੋਹਲ ਨਾ ਬਾਦਸ਼ਾਹਾ।
ਸਾਡਾ ਪਿਤਾ... ...



5

ਜਿਸ ਮੌਕੇ 'ਤੇ ਬਾਜ਼ ਸ਼ਿਕਾਰੀ,
ਪੈਣ ਕੂੰਜਾਂ ਦੀਆਂ ਡਾਰਾਂ ਨੂੰ।
ਉਸ ਵੇਲੇ ਹੱਲੇ ਦੀ ਨੀਤੀ,
ਸੁਝਦੀ ਨਹੀਂ ਸਰਕਾਰਾਂ ਨੂੰ।
ਸਿਆਸਤ ਦੇ ਨਾਲ ਭਰੇ ਪਏ ਹਾਂ,
ਖ਼ਾਲੀ ਢੋਲ ਨਾ ਬਾਦਸ਼ਾਹਾ।
ਸਾਡਾ ਪਿਤਾ... ...

6

ਸੱਚ ਨਿਆਂ ਦੀ ਗੱਲ ਨਾ ਕੀਤੀ,
ਵੱਢੀ ਖਾਣੇ ਕਾਜ਼ੀ ਨੇ।
ਬੇਗੁਨਾਹ ਤੇ ਛੁਰੀਆਂ ਚੁੱਕੀਆਂ,
ਜਾਣ ਬੁਝ ਕੇ ਹਾਜੀ ਨੇ।
ਧਰਮ ਨਿਆਂ ਨੂੰ ਧੱਕੇ ਦੇਣਾ,
ਪੂਰਾ ਤੋਲ ਨਾ ਬਾਦਸ਼ਾਹ।
ਸਾਡਾ ਪਿਤਾ... ...

7

ਸੱਚੀਆਂ ਗੱਲਾਂ ਸੱਚ ਦਾ ਨਾਹਰਾ,
ਕਦੇ ਏਕਤਾ ਹੋਵੇਗੀ।
ਸੱਚੇ ਦੀ ਗੱਲ ਸੁਣੀ ਜਾਏਗੀ,
ਚੋਰ ਬਜ਼ਾਰੀ ਰੋਵੇਗੀ।



Scanned by CamScanner

ਸਾਡਾ ਅਸਲ ਮੁਕੱਦਮਾ ਸੱਚਾ,
ਲੁਕਣੇ ਪੋਲ ਨਾ ਬਾਦਸ਼ਾਹਾ।
ਸਾਡਾ ਪਿਤਾ... ...

8

ਜਿਸ ਵਿਚ ਜਿਸਮ ਚਿਣੇਗਾ ਸਾਡਾ,
ਕਾਇਮ ਨਹੀਂ ਰਹਿਣਾ ਕੰਧਾਂ ਨੇ।
ਦੇਸ਼ ਵਾਸਤੇ ਜਿੰਦ ਵਾਰਨੀ,
ਕਲਗੀਧਰ ਦਿਆਂ ਚੰਦਾਂ ਨੇ।
ਹੋਣੀ ਨਾਰ ਨੂੰ ਹੱਸ ਵਰਾਂਗੇ,
ਝੂਠੇ ਬੋਲ ਨਾ ਬਾਦਸ਼ਾਹਾ।
ਸਾਡਾ ਪਿਤਾ... ...

6

ਅਦਲ ਕਰੇਂ ਤਾਂ ਸੋਭਾ ਮਿਲਜੂ,
ਬਦੀਆਂ ਨੂੰ ਫਿਟਕਾਰਾਂ ਨੇ।
ਜਿਸ ਦਿਨ ਆਣ ਬਣੇਗੀ ਸਿਰ 'ਤੇ,
ਸਾਥ ਨਹੀਂ ਦੇਣਾ ਯਾਰਾਂ ਨੇ।
'ਜੋਗੀ' ਵਰਗਾ 'ਗੁਰਮੁਖ' ਬਣ ਜਾ,
ਰੂਪ ਰੋਲ ਨਾ ਬਾਦਸ਼ਾਹਾ।
ਸਾਡਾ ਪਿਤਾ ਅਜੇ ਨਹੀਂ ਮਰਿਆ,
ਝੂਠ ਬੋਲ ਨਾ ਬਾਦਸ਼ਾਹਾ।

ਸਾਹਿਬਜ਼ਾਦਿਆਂ ਤੋਂ ਦਲੇਰੀ ਭਰਿਆ ਉੱਤਰ ਸੁਣ ਕੇ



ਸੂਬੇ ਨੂੰ ਅੱਗ ਲੱਗ ਗਈ। ਸੂਬੇ ਨੇ ਮਾਸੂਮਾਂ ਨੂੰ ਬੜੀਆਂ ਧਮਕੀਆਂ ਦਿੱਤੀਆਂ ਪਰ ਸ਼ੇਰ ਦੇ ਪੁੱਤਰ ਆਪਣੇ ਅਕੀਦੇ ਉੱਤੇ ਦ੍ਰਿੜ੍ਹ ਰਹੇ। ਸੂਬੇ ਨੇ ਫਿਰ ਇਕ ਰਾਤ ਲਈ ਸਾਹਿਬਜ਼ਾਦਿਆਂ ਨੂੰ ਠੰਢੇ ਬੁਰਜ ਵਿਚ ਬੰਦ ਕਰ ਦਿੱਤਾ। ਪੋਹ ਦੇ ਮਹੀਨੇ ਦੀ ਠੰਢੀ ਰਾਤ, ਕਹਿਰਾਂ ਦੀ ਸਰਦੀ ਅਤੇ ਠੰਢਾ ਬੁਰਜ, ਕੇਵਲ ਉਹ ਤਿੰਨੇ ਜਿੰਦਾਂ ਹੀ ਜਾਣਦੀਆਂ ਹੋਣਗੀਆਂ ਕਿ ਕਿਵੇਂ ਰਾਤ ਗੁਜ਼ਰੀ ਹੋਵੇਗੀ। ਸਾਰੀ ਰਾਤ ਮਾਤਾ ਜੀ ਬੱਚਿਆਂ ਨੂੰ ਦਲੇਰੀਆਂ ਦਿੰਦੀ ਰਹੀ। ਦਿਨ ਚੜ੍ਹਿਆ ਤਾਂ ਸੂਬੇ ਨੇ ਸਿਪਾਹੀ ਸਾਹਿਬਜ਼ਾਦਿਆਂ ਨੂੰ ਲੈਣ ਲਈ ਭੇਜੇ। ਸਿਪਾਹੀਆਂ ਨੇ ਆ ਕੇ ਕੁੰਡਾ ਖੜਕਾਇਆ ਅਤੇ ਸਾਹਿਬਜ਼ਾਦਿਆਂ ਦੀ ਪੇਸ਼ੀ ਲਈ ਮਾਤਾ ਨੂੰ ਸੂਬੇ ਦਾ ਹੁਕਮ ਸੁਣਾਇਆ। ਮਾਤਾ ਨੇ ਲਾਲਾਂ ਨੂੰ ਜਗਾਇਆ, ਹੱਥੀਂ ਸੋਹਣੀਆਂ ਦਸਤਾਰਾਂ ਸਜਾਈਆਂ, ਮੱਥੇ ਚੁੰਮੇ ਤੇ ਘੁੱਟ ਕੇ ਛਾਤੀ ਨਾਲ ਲਾਇਆ। ਮਾਤਾ ਨੂੰ ਪਤਾ ਸੀ ਕਿ ਅੱਜ ਮੇਰੇ ਲਾਲ ਵਾਪਸ ਨਹੀਂ ਆਉਣੇ। ਸੋ ਜਾਂਦੀ ਵਾਰ ਦੀ ਸਿੱਖਿਆ ਲਈ ਮਾਤਾ ਜੀ ਸਾਹਿਬਜ਼ਾਦਿਆਂ ਨੂੰ ਧਰਮ ਵਿਚ ਹੋਰ ਪੱਕਾ ਰਹਿਣ ਲਈ ਇਉਂ ਨਸੀਹਤ ਕਰਦੇ ਹਨ:

ਕਾਫ਼ੀ

1

ਪੋਹ ਦਾ ਮਹੀਨਾ ਅੱਤ ਦੀ ਸਰਦੀ,
ਪੁੱਤ ਸ਼ਿੰਗਾਰੇ ਦਾਦੀ ਨੇ।



Scanned by CamScanner

ਰੀਝਾਂ ਲਾ ਕੇ ਚਿਣ ਕੇ ਬੱਧੇ,
ਸਿਰ ਦਸਤਾਰੇ ਦਾਦੀ ਨੇ।
ਜਾਉ ਵੇ ਬੇਟਾ ਕਰ ਕੇ ਦੱਸੋ,
ਜੋ ਹੋਣੀ ਗੱਲ ਸਾਲਾਂ ਨੂੰ।
ਬੁਢੜੀ ਮਾਂ ਗੋਬਿੰਦ ਸਿੰਘ ਦੀ,
ਤੋਰੇ ਛੋਟੇ ਲਾਲਾਂ ਨੂੰ।

2

ਵੇ ਬੇਟਾ ਤੁਸੀਂ ਸਿਆਣੇ ਬਣ ਕੇ,
ਗੁਣ ਸਮਝਾਉਣੇ ਵੈਰੀ ਨੂੰ।
ਵੇ ਬੇਟਾ ਨਹੀਂ ਸੀਸ ਝੁਕਾਉਣਾ,
ਧਰਮ ਮੁਕਾਉਣੇ ਵੈਰੀ ਨੂੰ।
ਜੇ ਦੁਨੀਆਂ ਦੇ ਦਿਲ ਜਿੱਤਣੇ,
ਪਊ ਘਾਲਣਾ ਘਾਲਾਂ ਨੂੰ।
ਬੁਢੜੀ ਮਾਂ... ...

3

ਜੇ ਆਖਣ ਕਿ ਕੁਰਸੀ ਲੈ ਲਉ,
ਠੁੱਡੇ ਨਾਲ ਠੁਕਰਾਇਓ ਵੇ।
ਜੀਉਂਦੇ ਰਹੇ ਤਾਂ ਜਿੱਤ ਕੇ ਆਉਣਾ,
ਹਾਰ ਨਾ ਖਾ ਕੇ ਆਇਓ ਵੇ।
ਜਾਬਰ ਜਬਰ ਕਰਨ ਤੋਂ ਰੋਕੋ,
ਰਸਤੇ ਪਾਉ ਚੰਡਾਲਾਂ ਨੂੰ।
ਬੁਢੜੀ ਮਾਂ... ...



4

ਤਿੜੀ ਹੋਈ ਸਰਕਾਰ ਦੀ ਨਦੀ,
ਧਰਮ ਨਿਭਾ ਕੇ ਦੱਸਣਾ ਵੇ।
ਕੜੇ ਕਾਨੂੰਨ ਕੁਰਾਹੇ ਜਾਂਦੇ,
ਕਰੜੇ ਹੱਥੀਂ ਕੱਸਣਾ ਵੇ।
ਇਉਂ ਗਾਵੀਏ ਧਰਮ ਤਰਾਨੇ,
ਦੱਸੋ ਤਾਲ ਬੇਤਾਲਾਂ ਨੂੰ।
ਬੁਢੜੀ ਮਾਂ... ...

5

ਫ਼ਤਹਿ ਸਿੰਘਾ ਨੂੰ ਫ਼ਤਹਿ ਪਾਵੇਂਗਾ,
ਜ਼ੋਰਵਾਰ ਸਿੰਘਾ ਡੋਲੀਂ ਨਾ।
ਮੰਜ਼ਲ ਬੜੀ ਕਠਿਨ ਹੈ ਬੇਟਾ,
ਤੁਰਨਾ ਪੈਰੀਂ ਪੋਲੀ ਨਾ।
ਤੱਕ ਲਉ ਹਾਰ ਦੇ ਦਾਗ਼ ਨਹੀਂ ਲੱਗੇ,
ਕਲਗੀਧਰ ਦੀਆਂ ਢਾਲਾਂ ਨੂੰ।
ਬੁਢੜੀ ਮਾਂ... ...

6

ਖ਼ੂਨੀ ਜਾਬਰ ਹਾਰ ਜਾਣਗੇ,
ਪਰਖ ਤੁਹਾਡੀ ਕਰ ਕੇ ਵੇ।
ਭਰ ਕੇ ਵਗਦੀ ਨਦੀ ਸ਼ਹਾਦਤ,
ਪਾਰ ਕਰ ਦਿਉ ਤਰ ਕੇ ਵੇ।



Scanned by CamScanner

ਜਿਨ੍ਹਾਂ ਵਿਚ ਗੰਧਲਾਂ ਪਈਆਂ,
ਕਰ ਦਿਉ ਹੱਲ ਸੁਆਲਾਂ ਨੂੰ।
ਬੁਢੜੀ ਮਾਂ... ...

7

ਟਹਿਕੇਗਾ ਸਿੱਖੀ ਦਾ ਬੂਟਾ,
ਖ਼ੂਨ ਦਾ ਪਾਣੀ ਪਾਉਣਾ ਏ।
ਢਾਹ ਦੇਣਾ ਹੈ ਮਹਿਲ ਪਾਪ ਦਾ,
ਸੱਚ ਦਾ ਮੰਦਰ ਵਸਾਉਣਾ ਏ।
ਬਣਦੇ ਜੋ ਮਾੜੇ ਦੇ ਮਾਰੂ,
ਰੋਕੋ ਜਬਰ ਭੂਚਾਲਾਂ ਨੂੰ।
ਬੁਢੜੀ ਮਾਂ... ...

8

ਉਮਰ ਛੁਟੇਰੀ ਅਕਲ ਵਡੇਰੀ,
ਜਾ ਵੈਰੀ ਨੂੰ ਦੱਸੋ ਵੇ।
ਜੋ ਸਿੱਖੀ ਦੀ ਰੀਤ ਅਨੋਖੀ,
ਮੌਤ ਵੇਖ ਕੇ ਹੱਸੋ ਵੇ।
'ਜੋਗੀ' ਗਾਉਣ ਤਰਾਨੇ ਤੁਹਾਡੇ,
ਕਰ ਦਿਉ ਕਾਇਮ ਮਿਸਾਲਾਂ ਨੂੰ।
ਬੁਢੜੀ ਮਾਂ ਗੋਬਿੰਦ ਸਿੰਘ ਦੀ,
ਤੋਰੇ ਛੋਟੇ ਲਾਲਾਂ ਨੂੰ।



ਦੋਵੇਂ ਸਾਹਿਬਜ਼ਾਦਿਆਂ ਨੇ ਮਾਤਾ ਕੋਲੋਂ ਆਸ਼ੀਰਵਾਦ ਲੈ ਕੇ ਕਚਹਿਰੀ ਵਿਚ ਪਹੁੰਚ ਕੇ ਗੱਜ ਕੇ ਫ਼ਤਹਿ ਬੁਲਾਈ। ਸੂਬੇ ਨੇ ਜਦੋਂ ਵੇਖਿਆ ਕਿ ਕਲਗੀਧਰ ਦੇ ਲਾਲ ਧਰਮ ਛੱਡਣ ਤੋਂ ਆਕੀ ਹਨ ਤਾਂ ਕਾਜ਼ੀ ਨੂੰ ਸੱਦਿਆ ਗਿਆ। ਕਾਜ਼ੀ ਨੇ ਫ਼ਤਵਾ ਲਾਉਣ ਲਈ ਸ਼ਰ੍ਹਾ ਦੀ ਪਵਿੱਤਰ ਪੁਸਤਕ ਖੋਲ੍ਹੀ ਅਤੇ ਫ਼ਤਵਾ ਦਿੱਤਾ ਕਿ ਸ਼ਰ੍ਹਾ ਵਿਚ ਲਿਖਿਆ ਹੈ ਕਿ ਕਾਫ਼ਰਾਂ ਨੂੰ ਮਾਰਨਾ ਸਵਾਬ (ਪੁੰਨ) ਹੈ। ਇਸ ਲਈ ਇਹਨਾਂ ਨੂੰ ਜੀਉਂਦਿਆਂ ਨੂੰ ਨੀਹਾਂ ਵਿਚ ਚਿਣ ਦਿੱਤਾ ਜਾਵੇ। ਆਖ਼ਰ ਮਲੇਰ ਕੋਟਲੇ ਵਾਲਾ ਖ਼ਾਨ ਸ਼ੇਰ ਮੁਹੰਮਦ ਸੁਣ ਕੇ ਸਹਿ ਨਾ ਸਕਿਆ। ਉਸ ਨੇ ਧਾਹਾਂ ਮਾਰ ਕੇ ਆਖਿਆ, "ਇਹ ਪਾਪ ਹੈ, ਇਹ ਅਨਰਥ ਹੈ। ਸ਼ਰ੍ਹਾ ਵਿਚ ਇਹ ਵੀ ਲਿਖਿਆ ਹੈ ਕਿ ਇਸਤਰੀ ਤੇ ਨਾਬਾਲਗ ਬੱਚਿਆਂ ਨੂੰ ਮਾਰਨਾ ਮਹਾਂ ਪਾਪ ਹੈ।" ਏਨੀ ਗੱਲ ਸੁਣ ਕੇ ਸੂਬੇ ਨੇ ਆਖਿਆ, "ਸ਼ੇਰ ਖ਼ਾਂ! ਤੇਰਾ ਭਰਾ ਨਾਹਰ ਖ਼ਾਂ ਇਹਨਾਂ ਦੇ ਪਿਤਾ ਨੇ ਚਮਕੌਰ ਵਿਚ ਤੀਰ ਮਾਰ ਕੇ ਮਾਰਿਆ ਸੀ। ਕੁਝ ਹੋਸ਼ ਕਰ ਤੇ ਇਹਨਾਂ ਨੂੰ ਮਾਰ ਕੇ ਆਪਣੇ ਭਰਾ ਦਾ ਬਦਲਾ ਲੈ ਲੈ।" ਅੱਗੋਂ ਸ਼ੇਰ ਖ਼ਾਂ ਨੇ ਜਵਾਬ ਦਿੱਤਾ, "ਮਾਸੂਮ ਬੱਚਿਆਂ 'ਤੇ ਤਲਵਾਰ ਪਰਖਣੀ ਮਰਦਊ-ਪੁਣਾ ਨਹੀਂ। ਜੇ ਤਾਕਤ ਹੈ ਤਾਂ ਕਲਗੀਆਂ ਵਾਲੇ ਦਾ ਮੁਕਾਬਲਾ ਕਰੋ। ਇਹਨਾਂ ਦਾ ਕੀ ਕਸੂਰ ਹੈ?" ਸਾਹਿਬਜ਼ਾਦੇ ਸ਼ਹੀਦ ਕਰਨ ਤੋਂ ਰੋਕਣ ਲਈ ਸ਼ੇਰ ਖ਼ਾਂ ਆਹ ਦਾ ਨਾਹਰਾ ਇਉਂ ਮਾਰਦਾ ਹੈ:



Scanned by CamScanner

ਪਉੜੀ

1

ਕਹਿੰਦਾ ਖ਼ਾਨ ਮਲੇਰੀਆ ਗੱਲ ਸੁਣ ਲੈ ਖ਼ਾਨਾ।
ਕਾਬੂ ਆਈਆਂ ਮਾਰ ਨਾ ਨਿਰਦੋਸ਼ੀਆਂ ਜਾਨਾਂ।
ਵੇਲਾ ਆਊ ਤਾਂ ਜਿੰਦ ਦੀ ਢਹਿ ਜਾਣੀ ਢੇਰੀ।
ਬਾਲ ਮਾਰਨੇ ਸੂਬਿਆ ਇਹ ਭੁੱਲ ਹੈ ਤੇਰੀ।

2

ਤਾਕਤ ਹੈ ਤਾਂ ਗੁਰੂ ਨਾਲ ਗੱਲ ਕਰ ਕੇ ਵੇਖੇਂ।
ਵੈਰੀ 'ਤੇ ਵੀ ਤਰਸ ਦਾ ਦਮ ਭਰ ਕੇ ਵੇਖੇਂ।
ਬਾਲਕ ਇਹ ਨਿਰਦੋਸ਼ ਨੇ ਗੱਲ ਨਹੀਂ ਮੇਰੀ।
ਬਾਲ ਮਾਰਨੇ... ...

3

ਗੋਬਿੰਦ ਸਿੰਘ ਦਲੇਰ ਨਾਲ ਤੂੰ ਡਿੱਠਾ ਲੜ ਕੇ।
ਗੁੱਸਾ ਖਾ ਕੇ ਜਿਨ੍ਹਾਂ 'ਤੇ ਜਾਂਦਾ ਰਿਹੋਂ ਚੜ੍ਹ ਕੇ।
ਅੰਤ ਨਾ ਭਾਵੇ ਖ਼ੁਦਾ ਨੂੰ ਤਨ ਖ਼ਾਕ ਦੀ ਢੇਰੀ।
ਬਾਲ ਮਾਰਨੇ... ...

4

ਵਿਚ ਵਿਛੋੜੇ ਮਰੇ ਨਾ ਗੋਬਿੰਦ ਦੀ ਮਾਤਾ।
ਸਿੱਧਾ ਨਾਲ ਖ਼ੁਦਾ ਦੇ ਜਿਨ੍ਹਾਂ ਦਾ ਨਾਤਾ।
ਮੇਰੇ ਆਖੇ ਰੋਕ ਦੇ ਜ਼ੁਲਮਾਂ ਦੀ ਨ੍ਹੇਰੀ।
ਬਾਲ ਮਾਰਨੇ... ...



5

ਚੰਦ ਤੋਂ ਸੋਹਣੇ ਮੁਖੜੇ ਯੂਸਫ਼ ਦੇ ਸਾਨੀ।
ਬਾਜਾਂ ਵਾਲੇ ਗੁਰੂ ਦੀ ਦੇ ਰਹਿਣ ਨਿਸ਼ਾਨੀ।
ਉਸ ਮਰਦ ਨਾਲ ਲੜਨ ਦੀ ਨਾ ਰਹੀ ਦਲੇਰੀ।
ਬਾਲ ਮਾਰਨੇ... ...

6

ਜੀਤਾਂ ਮਾਂ ਦੇ ਲਾਲ ਇਹ ਲਾਲਾਂ ਤੋਂ ਸੋਹਣੇ।
ਹੱਸਦੇ ਫੁੱਲ ਗੁਲਾਬ ਦੇ ਹੋਣੀ ਨੂੰ ਮੋਹਣੇ।
ਦੋ ਹੰਸਾਂ ਨੂੰ ਚੁਗਣ ਦੇ ਪ੍ਰਭ ਚੋਗ ਖਿਲੇਰੀ।
ਬਾਲ ਮਾਰਨੇ... ...

7

ਟੋਟੇ ਮਾਂ ਦੇ ਜਿਗਰ ਦੇ ਹੋ ਜਾਣ ਨਾ ਟੋਟੇ।
ਕਲੰਕਤ ਕਰ ਨਾ ਕੌਮ ਨੂੰ ਕੰਮ ਕਰ ਕੇ ਖੋਟੇ।
ਦੇ ਦੇ ਹੁਕਮ ਰਿਹਾਈ ਦਾ ਕਿਉਂ ਲਾਉਨੈਂ ਦੇਰੀ।
ਬਾਲ ਮਾਰਨੇ... ...

8

ਸਾਰੇ ਭਾਰਤ ਵਰਸ਼ ਤੋਂ ਜੋ ਸੋਭਾ ਲੈਣੀ।
ਸਦਾ ਹੱਥਾਂ ਵਿਚ ਹਾਕਮਾ ਤਾਕਤ ਨਹੀਂ ਰਹਿਣੀ।
'ਜੋਗੀ' ਕਹਿੰਦਾ ਸੂਬਿਆ ਆਖ਼ਰ ਦੀ ਵੇਰੀ।
ਬਾਲ ਮਾਰਨੇ ਸੂਬਿਆ ਇਹ ਭੁੱਲ ਹੈ ਤੇਰੀ।

ਪਰ ਕੋਲ ਸੁੱਚਾ ਨੰਦ (ਹਿੰਦੂ) ਖੜਾ ਸੀ। ਉਸ ਨੇ



Scanned by CamScanner

ਆਖਿਆ, "ਖ਼ਾਨ ਸਾਹਿਬ! ਜੇ ਹੁਕਮ ਹੋਵੇ ਤਾਂ ਮੈਨੂੰ ਇ
ਗੱਲ ਪੁੱਛ ਲੈਣ ਦਿਉ।" ਸੂਬੇ ਨੇ ਆਖਿਆ, "ਪੁੱਛ ਲੈ
ਸੁੱਚਾ ਨੰਦ ਨੇ ਦੋਹਾਂ ਬੱਚਿਆਂ ਨੂੰ ਪੁੱਛਿਆ, "ਬੱਚਿਓ!
ਤੁਹਾਨੂੰ ਛੱਡ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ?" ਅੱ
ਸਾਹਿਬਜ਼ਾਦਿਆਂ ਨੇ ਉੱਤਰ ਦਿੱਤਾ, "ਅਸੀਂ ਜੰਗਲ ਵਿ
ਜਾਵਾਂਗੇ, ਫ਼ੌਜ ਬਣਾਵਾਂਗੇ, ਸ਼ਸਤਰ ਚਲਾਉਣੇ ਸਿੱਖਾਂ
ਜ਼ੁਲਮੀ ਸਰਕਾਰ ਨਾਲ ਉਦੋਂ ਤਕ ਲੜਦੇ ਰਹਾਂਗੇ ਜਦੋਂ ਤ
ਸਾਡੇ ਵਿਚ ਪ੍ਰਾਣ ਹਨ ਅਤੇ ਜਦੋਂ ਤਕ ਸਰਕਾਰ ਜ਼ੁਲਮ
ਬਾਜ਼ ਨਹੀਂ ਆਉਂਦੀ।" ਸੁੱਚਾ ਨੰਦ ਨੇ ਆਖਿਆ, "ਫੜ ਲ
ਇਹਨਾਂ ਨੂੰ। ਸੱਪਾਂ ਦੇ ਪੁੱਤ ਪਾਲ ਕੇ ਜੀਉਂਦੇ ਨਹੀਂ ਰ
ਸਕੋਗੇ। ਅੱਗੇ ਇਕ ਗੋਬਿੰਦ ਸਿੰਘ ਨੇ ਸ਼ਾਹੀ ਫ਼ੌਜ ਨੂੰ ਵਖ
ਪਾ ਛੱਡਿਆ ਹੈ, ਜੇ ਇਹ ਦੋ ਪਲ ਗਏ ਤਾਂ ਮੁਗ਼ਲਾਂ ਦ
ਤਖ਼ਤਾ ਉਲਟਾ ਦੇਣਗੇ।" ਅਖ਼ੀਰ ਜ਼ੁਲਮੀ ਕੰਧ ਉਸਾਰਨ
ਸ਼ੁਰੂ ਹੋਈ। ਸਾਹਿਬਜ਼ਾਦੇ ਨੀਂਹਾਂ 'ਚ ਖਲ੍ਹਾਰੇ ਤੇ ਸੂਬੇ
ਆਖਿਆ, "ਹਾਰ ਗਏ ਹੋ।" ਸਾਹਿਬਜ਼ਾਦਿਆਂ ਨੇ ਆਖਿਆ
"ਹਾਰਦਾ ਉਹ ਹੈ ਜੋ ਹਾਰ ਮੰਨ ਲੈਂਦਾ ਹੈ। ਅਸੀਂ ਆਪ
ਧਰਮ 'ਤੇ ਪੂਰੇ ਉਤਰੇ ਹਾਂ, ਅਸੀਂ ਜਿੱਤ ਗਏ ਹਾਂ।
ਸਾਹਿਬਜ਼ਾਦੇ ਨੀਂਹਾਂ ਵਿਚ ਖਲੋਤੇ ਸੂਬੇ ਨੂੰ ਇਉਂ ਵੰਗਾਰ
ਹਨ:



## ਕੋਰੜਾ

1

ਨੀਂਹਾਂ 'ਚ ਖਲੋਤੇ ਬਾਲਾਂ ਨੇ ਵੰਗਾਰਿਆ।
ਅਸੀਂ ਨਹੀਉਂ ਹਾਰੇ ਜਿੱਤੇ ਈ ਨਕਾਰਿਆ।
ਜੀਂਦੇ ਸਾਡੇ ਵੀਰ ਜਥੇਦਾਰ ਸੂਬਿਆ।
ਮਜ਼ਾ ਵੀ ਦੇਵਾਂਗੇ ਮਜ਼ੇਦਾਰ ਸੂਬਿਆ।

2

ਸੂਰਮਿਆਂ ਦੇ ਪੁੱਤ ਨਹੀਂ ਅਣਖ ਛੱਡਦੇ।
ਕਿਸੇ ਦਿਨ ਵੇਖੀਂ ਤੇਰੀ ਜੜ੍ਹ ਵੱਢਦੇ।
ਸਾਡਾ ਦੇਸ਼ ਅਸੀਂ ਹੱਕਦਾਰ ਸੂਬਿਆ।
ਮਜ਼ਾ ਵੀ ਦੇਵਾਂਗੇ... ...

3

ਅਸੀਂ ਸਰਬੱਤ ਦਾ ਭਲਾ ਹਾਂ ਮੰਗਦੇ।
ਪਾਪ ਝੂਠ ਸਾਡੇ ਕੋਲ ਦੀ ਨਹੀਂ ਲੰਘਦੇ।
ਪੂਰੇ ਹੁੰਦੇ ਸਾਡੇ ਇਕਰਾਰ ਸੂਬਿਆ।
ਮਜ਼ਾ ਵੀ ਦੇਵਾਂਗੇ... ...

4

ਛੇਵੇਂ ਪਾਤਸ਼ਾਹ ਦੇ ਪੋਤਰੇ ਦੇ ਪੁੱਤਰ।
ਸਮਾਂ ਆਊ ਪੂਰੇ ਦੇ ਦਿਆਂਗੇ ਉੱਤਰ।
ਬਦੀਆਂ ਦੇ ਸਿਰ ਪਾਉਣੀ ਛਾਰ ਸੂਬਿਆ।
ਮਜ਼ਾ ਵੀ ਦੇਵਾਂਗੇ... ...



Scanned by CamScanner

5

ਰਾਜ ਆਉਣਾ ਸਾਡਾ ਈਰਖਾ ਮੁਕਾਉਣੀ ਏਂ।
ਨਿਉਂਦੇ ਦੇ ਹਿਸਾਬ ਨਾਲ ਭਾਜੀ ਪਾਉਣੀ ਏਂ।
ਸੱਚ ਦੀ ਚੱਲੇਗੀ ਸਰਕਾਰ ਸੂਬਿਆ।
ਮਜ਼ਾ ਵੀ ਦੇਵਾਂਗੇ... ...

6

ਪੁੱਤ ਹਾਂ ਗੋਬਿੰਦ ਸਿੰਘ ਜਵਾਨ ਪਿਤਾ ਦੇ।
ਯਾਦ ਰੱਖ ਬਣਾਂਗੇ ਸਮਾਨ ਪਿਤਾ ਦੇ।
ਫੋਕੀਆਂ ਫੜ੍ਹਾਂ ਨਹੀਂ ਦਿੰਦੇ ਮਾਰ ਸੂਬਿਆ।
ਮਜ਼ਾ ਵੀ ਦੇਵਾਂਗੇ... ...

7

ਦੀਨ ਤੇ ਮਜ਼ਹਬ ਦੋਵੇਂ ਸਕੇ ਵੀਰ ਨੇ।
ਤੋੜ ਦੇਣੇ ਵੈਰ ਤੇ ਵਿਰੋਧੀ ਤੀਰ ਨੇ।
ਸਾਰੇ ਸਿਰੋਂ ਲਾਹ ਦਿਆਂਗੇ ਭਾਰ ਸੂਬਿਆ।
ਮਜ਼ਾ ਵੀ ਦੇਵਾਂਗੇ... ...

8

ਅਸੀਂ ਘਾਟਾ ਪਾਉਣੇ ਨਹੀਂ ਵਪਾਰੀ ਸੂਬਿਆ।
ਸਿਰ ਦੇ ਕੇ ਲੈਣੀ ਸਰਦਾਰੀ ਸੂਬਿਆ।
ਐਵੇਂ ਨਹੀਂ ਬਣਾਇਆ ਇਤਬਾਰ ਸੂਬਿਆ।
ਮਜ਼ਾ ਵੀ ਦੇਵਾਂਗੇ... ...



9

ਕੌਣ ਕਰੂ ਸਾਡੇ ਪੱਖ ਦਾ ਮੁਕਾਬਲਾ।
ਇਕ ਸਿੰਘ ਕਰੇ ਲੱਖ ਦਾ ਮੁਕਾਬਲਾ।
ਦੁਨੀਆਂ ਨੇ ਗਾਉਣੀ ਸਾਡੀ ਵਾਰ ਸੂਬਿਆ।
ਮਜ਼ਾ ਵੀ ਦੇਵਾਂਗੇ... ...

10

ਤੇਰੀ ਅਸੀਂ ਦਿਲੀ ਬਦਨੀਤ ਜਾਣਦੇ।
ਅਸੀਂ ਸੱਚੀ ਝੂਠੀ ਹਾਂ ਪ੍ਰੀਤ ਜਾਣਦੇ।
ਜਾਣ ਕੇ ਦੇਣਾ ਏਂ ਸਾਨੂੰ ਖ਼ਾਰ ਸੂਬਿਆ।
ਮਜ਼ਾ ਵੀ ਦੇਵਾਂਗੇ... ...

11

ਸੁਖੀ ਨੀਂਦ ਸੌਂਵੇਂਗਾ ਨਾ ਸਾਨੂੰ ਮਾਰ ਕੇ।
ਪੈਂਦਾ ਪਛਤਾਉਣਾ ਅਕਲ ਵਿਸਾਰ ਕੇ।
'ਜੋਗੀਆ' ਨਹੀਂ ਰੱਖਣਾ ਉਧਾਰ ਸੂਬਿਆ।
ਮਜ਼ਾ ਵੀ ਦੇਵਾਂਗੇ ਮਜ਼ੇਦਾਰ ਸੂਬਿਆ।

ਕੰਧ ਉਸਰਨੀ ਸ਼ੁਰੂ ਹੋਈ। ਕੰਧ ਮੋਢਿਆਂ ਤਕ ਪਹੁੰਚ ਗਈ। ਦੋਵੇਂ ਸੋਹਲ ਬੱਚੇ ਬੇਹੋਸ਼ ਹੋ ਕੇ ਇਕ ਪਾਸੇ ਉਲਰ ਗਏ। ਉਸ ਪਾਸਿਉਂ ਭਾਰ ਨਾਲ ਕੰਧ ਡਿੱਗ ਪਈ। ਬੇਹੋਸ਼ੀ ਵਿਚ ਹੀ ਸਾਹਿਬਜ਼ਾਦੇ ਮਾਤਾ ਜੀ ਕੋਲ ਪੁਚਾ ਦਿੱਤੇ। ਹੋਸ਼ ਆਉਣ 'ਤੇ ਸਾਹਿਬਜ਼ਾਦਿਆਂ ਨੇ ਕਚਹਿਰੀ ਦਾ ਸਾਰਾ ਨਕਸ਼ਾ ਮਾਤਾ ਜੀ ਨੂੰ ਸੁਣਾ ਦਿੱਤਾ। ਇਕ ਦਿਨ ਹੋਰ ਸੋਚਣ ਲਈ ਦਿੱਤਾ ਗਿਆ।



Scanned by CamScanner

ਏਨਾ ਵੱਡਾ ਕਸ਼ਟ ਤੇ ਜ਼ਿੰਦਗੀ ਦੇ ਆਖ਼ਰੀ ਅੱਠ ਪਹਿਰ, ਪੋਹ ਦੀ ਠੰਢੀ ਰਾਤ, ਠੰਢਾ ਬੁਰਜ। ਕਿਵੇਂ ਰਾਤ ਗੁਜ਼ਰੀ ਹੋਵੇਗੀ, ਕੇਵਲ ਤਿੰਨ ਜਿੰਦਾ ਹੀ ਜਾਣਦੀਆਂ ਹੋਣਗੀਆਂ। ਅਗਲੇ ਦਿਨ ਤੇਰਾਂ ਪੋਹ ਸੰਮਤ 1761 ਬਿ. ਨੂੰ ਦੋਵੇਂ ਸਾਹਿਬਜ਼ਾਦੇ ਕਚਹਿਰੀ ਵਿਚ ਪੇਸ਼ ਕੀਤੇ ਗਏ। ਉਸ ਵੇਲੇ ਵੱਡੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਜੀ ਦੀ ਉਮਰ ਸੱਤ ਸਾਲ ਗਿਆਰਾਂ ਮਹੀਨੇ ਤੇ ਅੱਠ ਦਿਨ ਦੀ ਸੀ। ਛੋਟੇ ਸਾਹਿਬਜ਼ਾਦੇ ਫ਼ਤਹਿ ਸਿੰਘ ਜੀ ਦੀ ਉਮਰ ਪੰਜ ਸਾਲ, ਦਸ ਮਹੀਨੇ ਤੇ ਦਸ ਦਿਨ ਦੀ ਸੀ। ਏਨੀਆਂ ਛੋਟੀਆਂ ਉਮਰਾਂ ਤੇ ਭੋਲੇ-ਭਾਲੇ ਮਨਮੋਹਣੇ ਚਿਹਰੇ ਵੇਖ ਕੇ ਵੀ ਵੈਰੀ ਦਾ ਦਿਲ ਨਾ ਕੰਬਿਆ। ਇਕ ਵਾਰ ਰਸਮੀ ਤੌਰ 'ਤੇ ਜਾਨ ਬਚਾਉਣ ਲਈ ਪੁੱਛਿਆ ਗਿਆ, ਪਰ ਦੋਵਾਂ ਨੇ ਨਾਂਹ ਵਿਚ ਉੱਤਰ ਦਿੱਤਾ। ਅਖ਼ੀਰ ਸ਼ਾਸ਼ਲ ਬੇਗ ਨੇ ਬੇਨਤੀ ਕੀਤੀ, "ਸਰਕਾਰ! ਸਾਡਾ ਜੁਰਮ ਮਾਫ਼ ਕੀਤਾ ਜਾਵੇ ਤਾਂ ਅਸੀਂ ਸ਼ਹੀਦ ਕਰਨ ਨੂੰ ਤਿਆਰ ਹਾਂ।" ਸੋ ਉਹਨਾਂ ਦਾ ਜੁਰਮ ਮਾਫ਼ ਕਰਨ 'ਤੇ ਜਲਾਦਾਂ ਨੇ ਦੋਵੇਂ ਮਾਸੂਮ ਰੂਹਾਂ ਸ਼ਹੀਦ ਕਰ ਦਿੱਤੀਆਂ। ਇਹ ਸਾਰਾ ਹਾਲ ਇਉਂ ਬਿਆਨ ਕੀਤਾ ਜਾਂਦਾ ਹੈ।

### ਕਾਫ਼ੀ

1

ਤੇਰਾਂ ਪੋਹ ਦਾ ਦਿਨ ਜਾਂ ਚੜ੍ਹਿਆ,
ਦੋਵੇਂ ਵੀਰ ਤਿਆਰ ਹੋਏ।



ਮੌਤ ਦੀਆਂ ਪ੍ਰਕਰਮਾਂ ਕਰ ਕੇ,
ਸੋਚ ਸਾਗਰੋਂ ਪਾਰ ਹੋਏ।
ਸ਼ਕਲਾਂ ਤੋਂ ਤਾਂ ਲਾੜੇ ਜਾਪਣ,
ਵਰਦੀ ਪਹਿਨ ਕੇ ਆ ਗਏ ਦੋ।
ਔਹ ਵੇਖੋ ਦਸਮੇਸ਼ ਦੇ ਦੂਲੇ,
ਦੇਸ਼ ਤੋਂ ਜਾਨ ਘੁਮਾ ਗਏ ਦੋ।

2

ਜ਼ੋਰਾਵਰ ਤੇ ਫ਼ਤਹਿ ਸਿੰਘ ਦੀ,
ਤਾਬ ਨਾ ਝੱਲੀ ਜਾਂਦੀ ਏ।
ਏਨੇ ਸੋਹਣੇ ਕਿਵੇਂ ਵਰਾਂਗੀ,
ਮੌਤ ਪਈ ਸ਼ਰਮਾਂਦੀ ਏ।
ਬੰਦੇ ਦੋ ਕਾਜ਼ੀ ਦੇ ਕੋਲੋਂ,
ਅੱਖ ਸੇ ਅੱਖ ਮਿਲਾ ਗਏ ਦੋ।
ਔਹ ਵੇਖੋ ਦਸਮੇਸ਼... ...

3

ਸੁੱਚਾ ਨੰਦ ਤੇ ਕਾਜ਼ੀ ਰਲ ਕੇ,
ਕੀਤੀ ਫੇਰ ਸਲਾਹ ਮੁੜ ਕੇ।
ਆਉਂਦੀ ਜਦੋਂ ਡੁੱਬਣ 'ਤੇ ਬੇੜੀ,
ਲੱਭਦਾ ਨਹੀਂ ਮਲਾਹ ਮੁੜ ਕੇ।
ਦੁਨੀਆਂ ਮਿਟ ਜੂ ਇਹ ਨਹੀਂ ਮਿਟਣੇ,
ਅਜਿਹੇ ਪੂਰਨੇ ਪਾ ਗਏ ਦੋ।
ਔਹ ਵੇਖੋ ਦਸਮੇਸ਼... ...



Scanned by CamScanner

4

ਉਸਰ ਰਹੀ ਹੈ ਕੰਧ ਪਾਪ ਦੀ,
ਸੱਚ ਨੇ ਛਿਪ ਕੇ ਰਹਿਣਾ ਨਹੀਂ।
ਸੱਚ ਕਹਾਂਗੇ ਹੁਣ ਲੋਕਾਂ ਨੂੰ,
ਵਹਿਮ ਦੇ ਰਸਤੇ ਪੈਣਾ ਨਹੀਂ।
ਅੰਤ ਉੱਤੇ ਸਚਿਆਈ ਦੀ ਜਿੱਤ,
ਹੱਕ ਦੇ ਨਾਹਰੇ ਲਾ ਗਏ ਦੋ।
ਔਹ ਵੇਖੋ ਦਸਮੇਸ਼... ...

5

ਜਦੋਂ ਰਾਜ ਨੇ ਇੱਟਾਂ ਲਾਈਆਂ,
ਆਇਆ ਦਰੇਗ ਨਾ ਦੀਨੀ ਨੂੰ।
ਹਾਹਾਕਾਰ ਮੱਚੀ ਜੱਗ ਸਾਰੇ,
ਹਰਕਤ ਤੱਕ ਕਮੀਨੀ ਨੂੰ।
ਐਸੀ ਹਵਾ ਤੁਅੱਸਬੀ ਵਗੀ,
ਹੱਸਦੇ ਫੁੱਲ ਕੁਮਲਾ ਗਏ ਦੋ।
ਔਹ ਵੇਖੋ ਦਸਮੇਸ਼... ...

6

ਰਹੇ ਵਰਜਦੇ ਖ਼ਾਲ ਮਲੇਰੀ,
ਬਾਲ ਮਾਰਨੇ ਠੀਕ ਨਹੀਂ।
ਦੁੱਧ ਦੇ ਦੰਦ ਮਾਸੂਮਾਂ ਉੱਤੇ,
ਜਬਰ ਡਾਰਨੇ ਠੀਕ ਨਹੀਂ।



ਦਾਨੇ ਮੂੰਹ ਵਿਚ ਉਂਗਲਾਂ ਪਾ ਗਏ,
ਐਸੇ ਜੌਹਰ ਵਿਖਾ ਗਏ ਦੋ।
ਔਹ ਵੇਖੋ ਦਸਮੇਸ਼... ...

7

ਜੱਗ ਨੇ ਗਾਉਣੇ ਗੀਤ ਉਹਨਾਂ ਦੇ,
ਦੇਸ਼ ਲਈ ਕੁਝ ਕੀਤਾ ਜਿਨ੍ਹ।
ਨਸ਼ੇ ਦੀ ਪੂਰੀ ਸੋਝੀ ਉਸ ਨੂੰ,
ਅਮਰ ਪਿਆਲਾ ਪੀਤਾ ਜਿਨ੍ਹ।
ਅਜੇ ਬੜਾ ਚਿਰ ਚੱਲਦੀ ਰਹਿਣੀ,
ਦੇਸ਼ 'ਤੇ ਗੱਲ ਚਲਾ ਗਏ ਦੋ।
ਔਹ ਵੇਖੋ ਦਸਮੇਸ਼... ...

8

ਧੰਨ ਕੁਰਬਾਨੀ ਕਲਗੀਧਰ ਦੀ,
ਧੰਨ ਉਹਨਾਂ ਦੇ ਪੁੱਤਰ ਸੀ।
ਦਸਾਂ ਲੱਖਾਂ ਦੇ ਮੂਹਰੇ ਚਾਲੀ,
ਆਏ ਮੈਦਾਨੇ ਉਤਰ ਸੀ।
ਕਿਆਮਤ ਤਕ ਨਹੀਂ ਨਸ਼ਾ ਉਤਰਨਾ,
ਜਾਮ ਸ਼ਹਾਦਤ ਪਿਆ ਗਏ ਦੋ।
ਔਹ ਵੇਖੋ ਦਸਮੇਸ਼... ...

9

ਤੇਗ ਨਾਲ ਝਟਕਾਤੇ ਜ਼ਾਲਮਾਂ,
ਤਰਸ ਨਾ ਕੀਤਾ ਬਾਲਾਂ 'ਤੇ।



Scanned by CamScanner

ਜੀਵਨ ਦੁਨੀਆਂ ਗਾਏ ਉਹਨਾਂ ਦਾ,
ਪੁੱਜੀ ਸਿਫ਼ਤ ਕਮਾਲਾਂ 'ਤੇ।
ਦੇਸ਼ ਦੇ ਸੂਬੇਦਾਰ ਦੀ ਬੋਲੀ,
ਮਰਦਾਂ ਵਾਂਗ ਵਿਆਹ ਗਏ ਦੋ।
ਔਹ ਵੇਖੋ ਦਸਮੇਸ਼... ...

10

ਚੇਤੇ ਰੱਖੀਏ ਯਾਦ ਉਹਨਾਂ ਦੀ,
ਮਰਦ ਸੂਰਮੇ ਬਣ ਜਾਈਏ।
ਯੋਧੇ ਭਗਤ ਸਿੰਘ ਦੇ ਵਾਂਗੂੰ,
ਜਾਬਰ ਮੂਹਰੇ ਤਣ ਜਾਈਏ।
'ਜੋਗੀ' ਸਾਡੇ ਦਿਲ ਵਿਚ ਰਹਿੰਦੇ,
ਭਾਵੇਂ ਮੁੱਖ ਛੁਪਾ ਗਏ ਦੋ।
ਔਹ ਵੇਖੋ ਦਸਮੇਸ਼ ਦੇ ਦੂਲੇ,
ਦੇਸ਼ ਤੋਂ ਜਾਨ ਘੁਮਾ ਗਏ ਦੋ।

ਜਦੋਂ ਮਾਤਾ ਜੀ ਨੂੰ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪਤਾ ਲੱਗਾ ਤਾਂ ਮਾਤਾ ਜੀ ਪਾਠ ਕਰ ਕੇ ਚਾਦਰ ਲੈ ਕੇ ਸੌਂ ਗਏ ਤੇ ਫਿਰ ਨਹੀਂ ਉੱਠੇ।

ਆਖ਼ਰ ਤਿੰਨਾਂ ਦਾ ਸਸਕਾਰ ਕਰਨ ਲਈ ਸਰਹਿੰਦ ਦੇ ਜੌਹਰੀ ਟੋਡਰ ਮੱਲ ਨੇ ਮੋਹਰਾਂ ਵਿਛਾ ਕੇ ਅੰਗੀਠੇ ਜੋਗੀ ਥਾਂ ਖ਼ਰੀਦੀ ਅਤੇ ਅਗਲੇ ਦਿਨ ਮਾਤਾ ਗੁਜਰੀ ਜੀ ਤੇ ਦੋਹਾਂ ਸਾਹਿਬਜ਼ਾਦਿਆਂ ਦਾ ਸਸਕਾਰ ਕੀਤਾ। ਉਸ ਥਾਂ 'ਤੇ



ਗੁਰਦੁਆਰਾ 'ਜੋਤੀ ਸਰੂਪ' ਮੌਜੂਦ ਹੈ।

ਜਦੋਂ ਰਾਏ ਕੱਲ੍ਹਾ ਗੁਰੂ ਕਲਗੀਆਂ ਵਾਲੇ ਨੂੰ ਮਿਲਿਆ ਤਾਂ ਸਤਿਗੁਰਾਂ ਨੂੰ ਕੋਈ ਸੇਵਾ ਲਈ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਆਖਿਆ ਕਿ ਕਿਸੇ ਭਰੋਸੇਯੋਗ ਆਦਮੀ ਨੂੰ ਸਰਹਿੰਦ ਭੇਜੋ। ਰਾਏ ਕੱਲ੍ਹੇ ਨੇ ਮਾਹੀ ਨੂੰ ਸਰਹਿੰਦ ਵੱਲ ਭੇਜ ਦਿੱਤਾ। ਸਾਰਾ ਪਤਾ ਕਰ ਕੇ ਮਾਹੀ ਹਲਕਾਰਾ ਆਇਆ ਤੇ ਰੋ ਕੇ ਕਹਿਣ ਲੱਗਾ, "ਸਤਿਗੁਰੂ ਜੀ! ਦੱਸਦਿਆਂ ਛਾਤੀ ਪਾਟਦੀ ਹੈ। ਤੁਹਾਡੇ ਮਰਦ ਸਪੁੱਤਰ ਧਰਮ ਲਈ ਜਿੰਦ ਵਾਰ ਗਏ ਹਨ, ਨਾਲ ਹੀ ਤੁਹਾਡੀ ਪੂਜਣਯੋਗ ਬਿਰਧ ਮਾਤਾ ਜੀ ਵੀ ਸ਼ਹੀਦੀ ਪਾ ਗਏ ਹਨ।" ਮਾਹੀ ਨੇ ਗੁਰੂ ਜੀ ਨੂੰ ਸਾਰਾ ਹਾਲ ਇਉਂ ਕਹਿ ਸੁਣਾਇਆ :

ਕਾਫ਼ੀ

1

ਵੇਖੋ ਖ਼ਬਰ ਲਿਆਇਆ ਮਾਹੀ,
ਕਲਗੀਧਰ ਦਿਆਂ ਲਾਲਾਂ ਦੀ।
ਜੋੜੀ ਬਾਹਮਣ ਨੇ ਫੜਵਾਈ,
ਕਲਗੀਧਰ ਦਿਆਂ ਲਾਲਾਂ ਦੀ।
ਕਰ ਗਏ ਦੋ ਚੰਨ ਸੂਰਜ ਤੇਰੇ,
ਦੂਰ ਹਨੇਰੇ ਦਾਤਾ ਜੀ।
ਪਾਪੀ ਸੂਬੇ ਨੇ ਮਰਵਾਏ,
ਪੁੱਤਰ ਤੇਰੇ ਦਾਤਾ ਜੀ।



Scanned by CamScanner

2

ਦੋਵੇਂ ਗ੍ਰਿਫ਼ਤਾਰ ਕਰਵਾਏ,
ਤੁਹਾਡੇ ਗੰਗੂ ਰਸੋਈਏ ਨੇ।
ਆ ਕੇ ਲਾਲਚ ਵਿਚ ਮਰਵਾਏ,
ਤੁਹਾਡੇ ਗੰਗੂ ਰਸੋਈਏ ਨੇ।
ਪਹਿਲਾਂ ਖੜ ਕੇ ਓਸ ਕਰਾਏ,
ਘਰ ਵਿਚ ਡੇਰੇ ਦਾਤਾ ਜੀ।
ਪਾਪੀ ਸੂਬੇ ਨੇ... ...

3

ਗੁਰੂ ਦੇ ਪੁੱਤਰ ਨਾ ਫੜਵਾਈਂ,
ਕਹਿੰਦੇ ਰੋਕਿਆ ਸੋਭੀ ਨੇ।
ਖਾਣੇ ਦੇ ਵਿਚ ਜ਼ਹਿਰ ਨਾ ਪਾਈਂ,
ਪਾਪੀ ਟੋਕਿਆ ਸੋਭੀ ਨੇ।
ਜੀਉਂਦੇ ਰਹਿਣ ਦੇਣ ਨੂੰ ਲੱਗੇ,
ਜ਼ੋਰ ਬਥੇਰੇ ਦਾਤਾ ਜੀ।
ਪਾਪੀ ਸੂਬੇ ਨੇ... ...

4

ਜਾਨੀ, ਮਾਨੀ ਖ਼ਾਂ ਨੇ ਫੜ ਕੇ,
ਵਿਚ ਸਰਹਿੰਦ ਪੁਚਾਏ ਸੀ।
ਕਹਿੰਦੇ ਖਿੜੇ ਮੱਥੇ ਰਹੇ ਦੋਵੇਂ,
ਜੋਧੇ ਨਾ ਘਬਰਾਏ ਸੀ।



ਬੰਦੇ ਦੀਨ ਦਿਆ ਦੇ ਵੇਖੇ,
ਪੱਥਰ ਜੇਰੇ ਦਾਤਾ ਜੀ।
ਪਾਪੀ ਸੂਬੇ ਨੇ... ...

5

ਆਖਿਆ ਦਾਦੀ ਨੇ ਨਾ ਭੁੱਲੋ,
ਪੁੱਤਰ ਸਿੱਖਿਆ ਬਾਬੇ ਦੀ।
ਪੂਰੇ ਧਰਮ ਵਾਸਤੇ ਤੁੱਲੋ,
ਪੁੱਤਰ ਸਿੱਖਿਆ ਬਾਬੇ ਦੀ।
ਦੋਵੇਂ ਕਚਹਿਰੀ ਵੱਲ ਨੂੰ ਤੋਰੇ,
ਬੰਨ੍ਹ ਕੇ ਸਿਹਰੇ ਦਾਤਾ ਜੀ।
ਪਾਪੀ ਸੂਬੇ ਨੇ... ...

6

ਜਦੋਂ ਕਚਹਿਰੀ ਦੇ ਵਿਚ ਪੁੱਜੇ,
ਦੋਵਾਂ ਫ਼ਤਹਿ ਬੁਲਾਈ ਸੀ।
ਸੂਬੇ ਸੜ ਕੇ ਕੋਲੇ ਹੋ ਕੇ,
ਮੱਥੇ ਤਿਊੜੀ ਪਾਈ ਸੀ।
ਉਹਨਾਂ ਮੌਤ ਵੇਖ ਕੇ ਆਉਂਦੀ,
ਨੈਣ ਨਾ ਫੇਰੇ ਦਾਤਾ ਜੀ।
ਪਾਪੀ ਸੂਬੇ ਨੇ... ...

7

ਇਕ ਪਠਾਣ ਸ਼ੇਰ ਖ਼ਾਂ ਕਹਿੰਦੇ,
ਛੱਡ ਦੇਣ ਨੂੰ ਆਂਹਦਾ ਰਿਹਾ।



Scanned by CamScanner

ਉਸ ਦੀ ਪੇਸ਼ ਗਈ ਨਾ ਕੋਈ,
ਸ਼ੋਰ ਬਥੇਰਾ ਪਾਉਂਦਾ ਰਿਹਾ।
ਬੇਟਾ ਧਰਮ ਤਿਆਗੋ,
ਸੁੱਚਾ ਨੰਦ ਪ੍ਰੇਰੇ ਦਾਤਾ ਜੀ।
ਪਾਪੀ ਸੂਬੇ ਨੇ... ...

8

ਉਪਰਿਆਂ ਦੀ ਸਭਾ ਵੇਖ ਕੇ,
ਕਹਿੰਦੇ ਜ਼ਰਾ ਨਾ ਡੋਲੇ ਸੀ।
ਚਤੁਰ ਵਕੀਲਾਂ ਦੇ ਵਾਂਗਰਾਂ,
ਸੂਰੇ ਸਾਹਵੇਂ ਬੋਲੇ ਸੀ।
ਸੁੱਚਾ ਨੰਦ ਨੇ ਪੜ੍ਹੇ ਮੌਤ ਨਾਲ,
ਦੋਹਾਂ ਦੇ ਫੇਰੇ ਦਾਤਾ ਜੀ।
ਪਾਪੀ ਸੂਬੇ ਨੇ... ...

9

ਪਹਿਲਾਂ ਨੀਂਹਾਂ ਦੇ ਵਿਚ ਚਿਣ ਕੇ,
ਹੱਦੋਂ ਵੱਧ ਡਰਾਉਂਦੇ ਰਹੇ।
ਪਰ ਨਾ ਤੇਰੇ ਪੁੱਤਰ ਡੋਲੇ,
ਅੱਗੋਂ ਫ਼ਤਹਿ ਬੁਲਾਉਂਦੇ ਰਹੇ।
ਆਖ਼ਰ ਕਤਲ ਕਰਨ ਨੂੰ ਦੋਵੇਂ,
ਜੱਲਾਦਾਂ ਘੇਰੇ ਦਾਤਾ ਜੀ।
ਪਾਪੀ ਸੂਬੇ ਨੇ... ...



10

ਸ਼ਾਸ਼ਲ, ਬਾਸ਼ਲ ਖ਼ਾਂ ਨੇ ਫੜ ਕੇ,
ਕੱਟੇ ਸਿਰ ਸਰਦਾਰਾਂ ਦੇ।
ਲੈ ਗਏ ਨਾਵੇਂ ਗੁਰੂ ਦੇ ਪੋਤੇ,
ਰੁਤਬੇ ਫਿਰ ਸਰਦਾਰਾਂ ਦੇ।
ਟਹਿਣੀ ਸਣੇ ਫੁੱਲਾਂ ਦੇ ਤੋੜੀ,
ਕਾਲ ਸਣੇ ਫੁਲੇਰੇ ਦਾਤਾ ਜੀ।
ਪਾਪੀ ਸੂਬੇ ਨੇ... ...

11

ਕਹਿੰਦੇ ਖ਼ਬਰ ਜਿਸ ਘੜੀ ਪਾਈ,
ਤੁਹਾਡੀ ਬੁੱਢੜੀ ਮਾਤਾ ਨੇ।
ਤੁਰਦਿਆਂ ਦੇਰ ਜ਼ਰਾ ਨਾ ਲਾਈ,
ਤੁਹਾਡੀ ਬੁੱਢੜੀ ਮਾਤਾ ਨੇ।
ਕਹਿ ਕੇ ਧੰਨ ਸਤਿਗੁਰੂ ਤੁਰ ਗਈ,
ਰੂਹ ਅਗੇਰੇ ਦਾਤਾ ਜੀ।
ਪਾਪੀ ਸੂਬੇ ਨੇ... ...

12

ਫਿਰ ਸਸਕਾਰ ਤਿੰਨਾਂ ਦਾ,
ਟੋਡਰ ਮੱਲ ਸਰਾਫ਼ ਨੇ ਕੀਤਾ ਏ।
ਕਹਿੰਦੇ ਥਾਂ ਵਿਛਾ ਕੇ ਮੋਹਰਾਂ,
ਮੁੱਲ ਸਰਕਾਰ ਤੋਂ ਲੀਤਾ ਏ।



Scanned by CamScanner

ਸਿੱਖ ਸ਼ਰਧਾਲੂ ਦੇ ਜੀ ਹੋਵਣ,
ਸਵਰਗ ਬਸੇਰੇ ਦਾਤਾ ਜੀ।
ਪਾਪੀ ਸੂਬੇ ਨੇ... ...

13

ਸਾਹਿਬਾ ਸ਼ਹਿਰ ਕੀਰਨੇ ਪਾਉਂਦਾ,
ਰਹਿਮ ਨਾ ਕੀਤਾ ਪਾਪੀ ਨੇ।
ਕਹਿੰਦੇ ਬਾਲਾਂ ਤੋਂ ਦੱਸਣ ਕਾਹਦਾ,
ਬਦਲਾ ਲੀਤਾ ਪਾਪੀ ਨੇ।
'ਜੋਗੀ' ਕਲਮ ਕੀਰਨੇ ਪਾਉਂਦੀ,
ਹੰਝੂ ਕੇਰੇ ਦਾਤਾ ਜੀ।
ਪਾਪੀ ਸੂਬੇ ਨੇ ਮਰਵਾਏ।
ਪੁੱਤਰ ਤੇਰੇ ਦਾਤਾ ਜੀ।

ਇਹ ਹੈ ਦਰਦ ਕਹਾਣੀ ਗੁਰੂ ਜੀ ਦੇ ਸਾਹਿਬਜ਼ਾ ਅਤੇ ਗੁਰੂ ਜੀ ਦੀ ਮਾਤਾ ਜੀ ਦੀ, ਜਿਨ੍ਹਾਂ ਧਰਮ ਦੀ ਆਪਾ ਵਾਰ ਦਿੱਤਾ।

●



ੴ ਸਤਿਗੁਰ ਪ੍ਰਸਾਦਿ ॥

## ਪ੍ਰਸੰਗ
## ਸ਼ਹੀਦੀ ਭਾਈ ਮਹਾਂ ਸਿੰਘ

ਜਦੋਂ ਅਨੰਦਪੁਰ ਦੁਆਲੇ ਵੈਰੀ ਨੇ ਲੰਮੇ ਸਮੇਂ ਲਈ ਘੇਰਾ ਪਾਈ ਰੱਖਿਆ ਤਾਂ ਕਿਲ੍ਹੇ ਵਿਚੋਂ ਰਾਸ਼ਨ-ਪਾਣੀ ਖ਼ਤਮ ਹੋ ਗਿਆ। ਅਖ਼ੀਰ ਵੈਰੀ ਨੇ ਅੰਦਰ ਪਾਣੀ ਜਾਣਾ ਵੀ ਬੰਦ ਕਰ ਦਿੱਤਾ। ਪ੍ਰਸ਼ਾਦੀ ਹਾਥੀ ਵਰਗੇ ਕਈ ਕੀਮਤੀ ਜਾਨਵਰ ਭੁੱਖ ਦੇ ਦੁੱਖੋਂ ਮਰ ਗਏ। ਘੇਰੇ ਨੂੰ ਸੱਤ ਮਹੀਨੇ ਹੋ ਗਏ। ਸਿੰਘਾਂ ਨੇ ਗੁਰੂ ਜੀ ਨੂੰ ਕਿਲ੍ਹਾ ਛੱਡਣ ਲਈ ਕਿਹਾ ਪਰ ਗੁਰੂ ਜੀ ਨੇ ਕਿਹਾ ਕਿ ਕੁਝ ਦਿਨ ਉਡੀਕ ਕਰੋ। ਪਰ ਇਹ ਭੁੱਖ ਨਾਲ ਨਿਢਾਲ ਹੋ ਚੁੱਕੇ ਸਨ। ਸੋ ਸਿੰਘਾਂ ਨੇ ਆਖ਼ਰੀ ਫ਼ੈਸਲਾ ਕਰ ਕੇ ਗੁਰੂ ਜੀ ਨੂੰ ਕਿਲ੍ਹਾ ਛੱਡਣ ਲਈ ਇਉਂ ਬੇਨਤੀ ਕੀਤੀ :

### ਪਉੜੀ

1

ਚਿੱਠੀ ਔਰੰਗਜ਼ੇਬ ਦੀ ਜਾਂ ਧੁੰਮੀ ਸਾਰੇ।
ਰੌਅ ਟੋਲੇ ਡਰਪੋਕ ਦੀ ਜਾਂ ਘੁੰਮੀ ਸਾਰੇ।



Scanned by CamScanner

ਅਣਖ ਜੋ ਕਾਰ ਕਰੇ ਨਾ ਕਰ ਜਾਣਾ ਚਾਹੁੰਦੇ।
ਭੁੱਖ ਸਤਾਏ ਸੂਰਮੇ ਘਰ ਜਾਣਾ ਚਾਹੁੰਦੇ।

2

ਕੁਝ ਨਾ ਲੱਭੇ ਖਾਣ ਨੂੰ ਮੁਰਝਾਏ ਚਿਹਰੇ।
ਦਸਮ ਗੁਰਾਂ ਦੇ ਸਾਹਮਣੇ ਕੁਝ ਆਏ ਚਿਹਰੇ।
ਭੁੱਖ ਤੋਂ ਜਿਹੜੇ ਮਰੇ ਨਾ ਮਰ ਜਾਣਾ ਚਾਹੁੰਦੇ।
ਭੁੱਖ ਸਤਾਏ... ...

3

ਹੋਰ ਦੱਸੋ ਜੀ ਕੀ ਸਲਾਹ ਹੁਣ ਕਿੱਦਾਂ ਕਰੀਏ।
ਅਮਨ ਮੰਗਦਾ ਬਾਦਸ਼ਾਹ ਕਿਉਂ ਲੜ ਕੇ ਮਰੀਏ।
ਭੁੱਲੇ ਦਸਵੇਂ ਗੁਰਾਂ ਨੂੰ ਸਮਝਾਣਾ ਚਾਹੁੰਦੇ।
ਭੁੱਖ ਸਤਾਏ... ...

4

ਜੰਗ ਕਰਦਿਆਂ ਗੁਰੂ ਜੀ ਦਾ ਚਾਅ ਨਹੀਂ ਲੱਥਾ।
ਭਲਾ ਦੱਸੋ ਕੀ ਵਿਗੜਦਾ ਟਿਕਾਉਂਦਿਆਂ ਮੱਥਾ।
ਜਾਉ ਗੁਰਾਂ ਦੇ ਮੁੱਖ ਤੋਂ ਅਖਵਾਣਾ ਚਾਹੁੰਦੇ।
ਭੁੱਖ ਸਤਾਏ... ...

5

ਨੀਲਾ ਘੋੜਾ ਰਿਹਾ ਨਾ ਪ੍ਰਸ਼ਾਦੀ ਹਾਥੀ।
ਜੋ ਮਰਦੇ ਸੀ ਤੁਸਾਂ ਤੋਂ ਉਹ ਰਹੇ ਨਾ ਸਾਥੀ।
ਦੁੱਖ ਝੱਲੇ ਬੇਓੜਕੇ ਸੁਖ ਪਾਣਾ ਚਾਹੁੰਦੇ।
ਭੁੱਖ ਸਤਾਏ... ...



6

ਸਾਹਿਬਾ ਸਾਨੂੰ ਜਾਣ ਦੇ ਜੇ ਤੂੰ ਨਹੀਂ ਜਾਣਾ।
ਵਿਗੜੇ ਕੰਮ ਸਵਾਰ ਲਉ ਨਾ ਉਲਝੇ ਤਾਣਾ।
ਬੇ-ਅਣਖੀ ਦੇ ਜ਼ਹਿਰ ਨੂੰ ਖ਼ੁਦ ਖਾਣਾ ਚਾਹੁੰਦੇ।
ਭੁੱਖ ਸਤਾਏ... ...

7

ਬਾਂਹ ਨਹੀਂ ਚੁੱਕਦੀ ਤੇਗ ਨੂੰ ਦਿਲ ਲੜ ਨਾ ਸਕੇ।
ਦਸਵੇਂ ਗੁਰੂ ਪੜ੍ਹਾਉਣ ਜੋ ਸਿੱਖ ਪੜ੍ਹ ਨਾ ਸਕੇ।
ਦਿੱਲੀ ਦੀ ਸਰਕਾਰ ਨਾਲ ਰਲ ਖਾਣਾ ਚਾਹੁੰਦੇ।
ਭੁੱਖ ਸਤਾਏ... ...

8

ਕਹਿਣ ਵਿਜੋਗਣ ਤੀਵੀਆਂ ਘਰ ਔਂਸੀਆਂ ਪਾਵਣ।
ਹੀਰੇ ਪੁੱਤ ਉਡੀਕਦੇ ਕਦ ਬਾਪੂ ਆਵਣ।
ਆਪੇ ਬੇੜਾ ਧਰਮ ਦਾ ਡੁਬਵਾਣਾ ਚਾਹੁੰਦੇ।
ਭੁੱਖ ਸਤਾਏ... ...

9

ਜੇ ਨਹੀਂ ਜਾਣਾ ਗੁਰੂ ਜੀ ਤਾਂ ਜਾਣ ਦੇ ਸਾਨੂੰ।
ਰੁੱਖੀ-ਮਿੱਸੀ ਘਰਾਂ ਵਿਚ ਤਾਂ ਖਾਣ ਦੇ ਸਾਨੂੰ।
'ਜੋਗੀ' ਨਗਮੇ ਪਿਆਰ ਦੇ ਨਹੀਂ ਗਾਣਾ ਚਾਹੁੰਦੇ।
ਭੁੱਖ ਸਤਾਏ ਸੂਰਮੇ ਘਰ ਜਾਣਾ ਚਾਹੁੰਦੇ।

ਅਖ਼ੀਰ ਸਮਝਾਉਣ 'ਤੇ ਵੀ ਇਹ ਨਾ ਸਮਝੇ ਅਤੇ ਗੁਰੂ



Scanned by CamScanner

ੇ ਨੂੰ ਬੇਦਾਵਾ ਲਿਖ ਕੇ ਦੇ ਆਏ। ਕਈ ਇਤਿਹਾਸਕਾ
ਵਲ ਦੁਨੀ ਚੰਦ ਮਜੀਠੇ ਵਾਲੇ ਅਤੇ ਉਸ ਦੇ ਸਾਥੀਆ
: ਹੀ ਬੇਦਾਵੀਏ ਮੰਨਦੇ ਹਨ। ਸੋ ਜਦੋਂ ਸਿੰਘ ਘਰੀਂ ਪਹੁੰ
ਤਾਂ ਨਾਰਾਂ ਨੇ ਮਰਦਾਂ ਨੂੰ ਤਾਹਨੇ ਦੇਣੇ ਸ਼ੁਰੂ ਕੀਤੇ। ਵੱ
ਾਹਿਬਜ਼ਾਦਿਆਂ ਦੀ ਚਮਕੌਰ 'ਚ ਸ਼ਹੀਦੀ ਦਾ ਬਹੁਤ ਵੱਡ
ਅਸਰ ਹੋਇਆ ਪਰੰਤੂ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦ
ੇ ਤਾਂ ਅੱਗ ਹੀ ਲਾ ਦਿੱਤੀ। ਮਾਝੇ ਦੀਆਂ ਮਾਵਾਂ ਨੇ ਗੁੱ
ਵਚ ਆ ਕੇ ਆਖਿਆ, "ਤੁਹਾਨੂੰ ਸ਼ਰਮ ਵਿਚ ਮਰ ਜਾਣ
ਚਾਹੀਦਾ ਹੈ। ਗੁਰੂ ਜੀ ਨੇ ਆਪਣੇ ਮਾਸੂਮ ਲਖਤੇ-ਜਿਗ
ਚਾਰੇ ਸਾਹਿਬਜ਼ਾਦੇ ਸਾਡੇ ਤੋਂ ਵਾਰ ਦਿੱਤੇ ਹਨ, ਪਰ ਤੁਸ
ਕਲਗੀਆਂ ਵਾਲੇ ਨੂੰ ਕੰਡ ਦਿਖਾ ਕੇ ਘਰਾਂ ਨੂੰ ਦੌੜ ਆ
ਓ। ਸਾਡੇ ਕੱਪੜੇ ਤੁਸੀਂ ਪਹਿਨੋ, ਅਸੀਂ ਜਾਂਦੀਆਂ ਹਾਂ ਅ
ਕਲਗੀਆਂ ਵਾਲੇ ਦੀ ਮਦਦ ਲਈ ਅਸੀਂ ਜੰਗ ਕਰਦੀਆ
ਹਾਂ।" ਸੋ ਜਿਵੇਂ ਔਰਤਾਂ ਨੇ ਸਿੰਘਾਂ ਨੂੰ ਵੰਗਾਰਿਆ, ਉਸ ਦ
ਵੇਰਵਾ ਇਉਂ ਹੈ:

**ਦੋਹਰਾ**

ਰੁੱਸ ਕੇ ਆ ਗਏ ਗੁਰਾਂ ਤੋਂ ਕਈ ਭਾਰਤ ਦੇ ਬੀਰ।
ਬੇਦਾਵਾ ਲਿਖ ਕੇ ਦੇ ਦਿੱਤਾ ਮਹਾਂ ਸਿੰਘ ਬਲਬੀਰ।

**ਦੋਤਾਰਾ**

1

ਭਾਰਤ ਦੇ ਬੀਰ ਜਦੋਂ,
ਬੇਮੁਖ ਹੋ ਸਤਿਗੁਰੂ ਤੋਂ ਆਏ।



ਮਾਝੇ ਦੀਆਂ ਮਾਵਾਂ ਨੇ,
ਤਾਹਨੇ ਕਈ ਪੁੱਤਰਾਂ ਨੂੰ ਲਾਏ।
ਮਹਾਂ ਸਿੰਘ ਸਰਦਾਰ ਕਹੇ,
ਸਿੰਘੋ ਬੇਮੁਖ ਨਾ ਅਖਵਾਈਏ।
ਮੋਹ ਤਿਆਗੋ ਘਰ ਦਿਆਂ ਦਾ,
ਆਵੋ ਰੁੱਸਿਆ ਗੁਰੂ ਮਨਾਈਏ।

2

ਸੋ ਸੂਰਾ ਕਹਿੰਦੇ ਨੇ,
ਜਿਹੜਾ ਦੀਨ ਹੇਤ ਲੜ ਮਰਦਾ।
ਉਹ ਮਰਦ ਕਹਾਉਂਦਾ ਏ,
ਜਿਹੜਾ ਪੋਲੀ ਗੱਲ ਨਹੀਂ ਕਰਦਾ।
ਦਰ-ਦਰ ਨਹੀਂ ਭਟਕੀਦਾ,
ਆਓ ਇਕ ਦੇ ਦਾਸ ਕਹਾਈਏ।
ਮੋਹ ਤਿਆਗੋ... ...

3

ਉਹਨੂੰ ਛਾਤੀ ਲਾ ਲੈਂਦਾ,
ਜਿਹੜਾ ਦਿਲ ਦਾ ਖੋਟ ਤਿਆਗੇ।
ਚਰਨੀਂ ਲੱਗ ਦਾਤੇ ਦੇ,
ਸੁੱਤੇ ਭਾਗ ਕਈਆਂ ਦੇ ਜਾਗੇ।
ਉਹ ਬਖ਼ਸ਼ਣਹਾਰਾ ਏ,
ਉਸ ਤੋਂ ਜਿੰਦੜੀ ਘੋਲ ਘੁਮਾਈਏ।
ਮੋਹ ਤਿਆਗੋ... ...



Scanned by CamScanner

4

ਜੱਗ ਭੁੱਲਣਹਾਰਾ ਏ,
ਬਖ਼ਸ਼ਣਹਾਰਾ ਸਤਿਗੁਰੂ ਸਾਡਾ।
ਪਲ ਦੇ ਵਿਚ ਦੱਸਦਾ ਏ,
ਅਜਬ ਨਜ਼ਾਰਾ ਸਤਿਗੁਰੂ ਸਾਡਾ।
ਜੇ ਬਲ ਹੈ ਬਾਹਵਾਂ ਵਿਚ,
ਰਾਹ ਵਿਚ ਕਿਉਂ ਢੇਰੀਆਂ ਢਾਈਏ।
ਮੋਹ ਤਿਆਗੋ... ...

5

ਅੰਮ੍ਰਿਤ ਦਾ ਦਾਤਾ ਉਹ,
ਉਮਰੇ ਬਾਲ ਪਿਉ ਦਾ ਦਾਨੀ।
ਉਹਦੇ ਕੰਮ ਦੀ ਪੂਜਾ ਹੋਊ,
ਇਥੇ ਉਥੇ ਦੋਹੀਂ ਜਹਾਨੀਂ।
ਉਹਦੀ ਫ਼ਸਲ ਨਹੀਂ ਫਲ ਸਕਦੀ,
ਬਹੁਤਾ ਜਿਸ ਪੈਲੀ ਨੂੰ ਵਾਹੀਏ।
ਮੋਹ ਤਿਆਗੋ... ...

6

ਜੋ ਗੱਲ ਗੁਆ ਬੈਠੇ,
ਭੁੱਖੇ ਅੱਠ-ਨੌਂ ਮਹੀਨੇ ਰਹਿ ਕੇ।
ਫਿਰ ਮਹਿਲ ਬਣਾ ਲਈਏ,
ਜਿਹੜਾ ਢੇਰੀ ਹੋ ਗਿਆ ਢਹਿ ਕੇ।



ਡਰਪੋਕ ਦਾ ਜੀਵਨ ਕੀ,
ਆਵੋ ਮਰਦ ਦਲੇਰ ਕਹਾਈਏ।
ਮੋਹ ਤਿਆਗੋ... ...

7

ਤਲਵਾਰਾਂ ਫੇਰ ਚੱਲੋ,
ਢਾਲਾਂ ਤੁਰੋ ਮੋਢਿਆਂ ਪਾ ਕੇ।
ਲਉ ਭੱਥੇ ਤੀਰਾਂ ਦੇ,
ਤੁਰੀਏ ਤੀਰ ਕਮਾਨ ਚੜ੍ਹਾ ਕੇ।
ਜਿਹਨਾਂ ਤੋਂ ਰੁੱਸੇ ਹਾਂ,
ਆਵੋ ਉਸ ਨਾਲ ਹੱਥ ਮਿਲਾਈਏ।
ਮੋਹ ਤਿਆਗੋ... ...

8

ਜੇ ਪਿਆਰਾ ਮੰਨ ਪਏ,
ਸਭੇ ਸੁਧਰ ਜਾਣਗੇ ਧੰਦੇ।
ਉਹ ਬੰਦੇ ਤੁਰਿਓ ਨਾ,
ਜਿਹੜੇ ਮਰ ਨਹੀਂ ਸਕਦੇ ਬੰਦੇ।
ਹੋਣੀ ਲਲਕਾਰ ਰਹੀ,
ਆਵੋ ਉਸ ਨਾਲ ਨੈਣ ਮਿਲਾਈਏ।
ਮੋਹ ਤਿਆਗੋ... ...

9

ਮਾਝੇ ਦੇ ਯੋਧੇ ਨੇ,
ਉੱਚੀ ਜਦ ਮਾਰੀਆਂ ਲਲਕਾਰਾਂ।



Scanned by CamScanner

ਇਕ ਗੱਲ ਵਿਆਹੁਣ ਲਈ,
ਜੁੜ ਕੇ ਤੁਰ ਪਏ ਸਿੰਘ ਹਜ਼ਾਰਾਂ।
'ਗੁਰਮੁਖ ਸਿੰਹਾਂ' 'ਜੋਗੀ' ਕਹੇ,
ਕੌਮੀ ਵਾਰ ਮਰਦ ਦੀ ਗਾਈਏ।
ਮੋਹ ਤਿਆਗੋ ਘਰ ਦਿਆਂ ਦਾ,
ਆਵੋ ਰੁੱਸਿਆ ਗੁਰੂ ਮਨਾਈਏ।

ਅਖ਼ੀਰ ਜਦੋਂ ਅਣਖ ਜਾਗੀ, ਮਾਝੇ ਦੇ ਬਹੁਤ ਸਾਰੇ ਸਿੰਘ ਗੁਰੂ ਜੀ ਦੀ ਭਾਲ ਵਿਚ ਤੁਰ ਪਏ ਅਤੇ ਰਾਮੋਆਣੇ ਪਿੰਡ ਕੋਲ ਗੁਰੂ ਜੀ ਨੂੰ ਜਾ ਮਿਲੇ। ਇਹਨਾਂ ਨਾਲ ਕੁਝ ਚੌਧਰੀ ਤੇ ਮਸੰਦ ਵੀ ਆ ਮਿਲੇ। ਇਹਨਾਂ ਨੇ ਗੁਰੂ ਜੀ ਨੂੰ ਆਖਿਆ ਕਿ ਅਸੀਂ ਤੁਹਾਡੀ ਬਾਦਸ਼ਾਹ ਨਾਲ ਸੁਲਾਹ ਕਰਵਾ ਦਿਆਂਗੇ। ਗੁਰਦੇਵ ਇਹੋ ਜਿਹੇ ਹਮਦਰਦੀਆਂ ਦੀਆਂ ਚਾਲਾਂ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਗੁਰੂ ਜੀ ਨੇ ਰੋਹ ਵਿਚ ਆ ਕੇ ਕਿਹਾ, "ਤੁਸੀਂ ਸਿੱਖ ਬਣ ਕੇ ਆਏ ਹੋ ਜਾਂ ਗੁਰੂ ਬਣ ਕੇ? ਮੈਨੂੰ ਉਹ ਸਿੱਖ ਚਾਹੀਦੇ ਹਨ ਜੋ ਧਰਮ ਤੋਂ ਜਾਨਾਂ ਵਾਰ ਦੇਣ, ਮੌਤ ਤੋਂ ਡਰਨ ਵਾਲਿਆਂ ਦੀ ਲੋੜ ਨਹੀਂ। ਦੂਸਰਾ ਜੇ ਤੁਹਾਡਾ ਬਾਦਸ਼ਾਹ ਨਾਲ ਏਨਾ ਅਸਰ-ਰਸੂਖ਼ ਸੀ ਤਾਂ ਜਦੋਂ ਗੁਰੂ ਤੇਗ ਬਹਾਦਰ ਜੀ ਨੂੰ ਦਿੱਲੀ ਸ਼ਹੀਦ ਕੀਤਾ ਗਿਆ, ਉਦੋਂ ਤੁਸੀਂ ਕਿਥੇ ਸੀ? ਆਹ ਕੱਲ੍ਹ ਦੀ ਗੱਲ ਹੈ, ਛੋਟੇ-ਛੋਟੇ ਮਾਸੂਮ ਬੱਚੇ ਸਰਹਿੰਦ ਵਿਚ ਬੜੀ ਬੇਰਹਿਮੀ ਨਾਲ ਸ਼ਹੀਦ ਕੀਤੇ ਗਏ। ਉਦੋਂ ਨਾ ਤੁਹਾਡੀ ਬਾਦਸ਼ਾਹ ਨੇ ਮੰਨੀ। ਜਾਉ, ਜ਼ੁਲਮ ਦਾ



ਇਲਾਜ ਕੇਵਲ ਤਲਵਾਰ ਹੈ। ਮੈਨੂੰ ਤੁਹਾਡੀ ਹਮਦਰਦੀ ਦੀ ਲੋੜ ਨਹੀਂ।" ਏਨਾ ਕਹਿ ਕੇ ਗੁਰੂ ਜੀ ਅੱਗੇ ਤੁਰ ਪਏ।

ਪਰ ਮਾਝੇ ਦੇ ਅਣਖੀ ਸਿੰਘ ਗੁਰੂ ਜੀ ਦੇ ਮਗਰ-ਮਗਰ ਖਿਦਰਾਣੇ ਦੀ ਢਾਬ ਵੱਲ ਨੂੰ ਤੁਰ ਪਏ। ਗੁਰੂ ਜੀ ਨੇ ਅੱਗੇ ਵਧ ਕੇ ਜੰਗਲ ਵਿਚ ਇਕ ਉੱਚੀ ਥਾਂ ਜਾ ਮੋਰਚੇ ਗੱਡੇ, ਜਿਥੇ ਅੱਜ-ਕਲ੍ਹ ਗੁਰਦੁਆਰਾ ਟਿੱਬੀ ਸਾਹਿਬ ਹੈ। ਸਿੰਘਾਂ ਨੇ ਢਾਬ ਕੰਢੇ ਜਾ ਕੇ ਚਾਦਰਾਂ ਅਤੇ ਬਿਸਤਰੇ ਝਾੜਾਂ ਦੇ ਉੱਤੇ ਪਾ ਦਿੱਤੇ, ਜੋ ਦੂਰੋਂ ਤੰਬੂਆਂ ਵਾਂਗ ਨਜ਼ਰ ਆਉਂਦੇ ਸਨ। ਉਧਰ ਵਜ਼ੀਰ ਖ਼ਾਂ ਅੱਠ ਹਜ਼ਾਰ ਫ਼ੌਜ ਲੈ ਕੇ ਅਤੇ ਕਪੂਰੇ ਸਮੇਤ ਖਿਦਰਾਣੇ ਵੱਲ ਤੁਰ ਪਿਆ। ਜਦੋਂ ਫ਼ੌਜ ਮਾਰ ਹੇਠ ਪਹੁੰਚੀ ਤਾਂ ਸਿੰਘਾਂ ਨੇ ਤੀਰਾਂ-ਗੋਲੀਆਂ ਨਾਲ ਹੱਲਾ ਕੀਤਾ। ਸਿੰਘ ਸੂਰਮੇ ਵਧ-ਵਧ ਕੇ ਜੰਗ ਕਰ ਰਹੇ ਹਨ। ਮਝੈਲਾਂ ਨੂੰ ਜੂਝਦਿਆਂ ਵੇਖ ਕੇ ਮਲਵਈ ਸਿੰਘ ਵੀ ਕੁੱਦ ਪਏ। ਉਹਨਾਂ ਨੇ ਦੁਸ਼ਮਣਾਂ ਦੇ ਆਹੂ ਲਾਹ ਦਿੱਤੇ। ਅਣਖੀਲੇ ਮਰਦਾਂ ਨੇ ਬੰਜਰ ਧਰਤੀ ਖ਼ੂਨ ਨਾਲ ਇਉਂ ਸਿੰਜੀ :

### ਕਾਫ਼ੀ

1

ਜਦ ਵੈਰੀ ਨੇ ਮਾਰ ਹੇਠ ਆ,
ਕਦਮ ਵਧਾਇਆ ਵਧਣ ਨੂੰ।
ਜੋ ਸੀ ਦਸਮ ਗੁਰਾਂ ਦੇ ਵੈਰੀ,.
ਹੋਣੀ ਆ ਗਈ ਸੱਦਣ ਨੂੰ।



Scanned by CamScanner

ਜੋ ਹੈ ਸੀ ਚਾਹਵਾਨ ਜਿੱਤ ਦੇ,
ਮੌਤ ਦੀ ਨਦੀ ਨਵ੍ਹਾ ਦਿੱਤੇ।
ਕਲਗੀਧਰ ਦਿਆਂ ਬੀਰ ਜਵਾਨਾਂ,
ਜਾਬਰ ਖ਼ਾਨ ਨਿਵਾ ਦਿੱਤੇ।

2

ਔਹ ਵੇਖੋ ਇਕ ਤੁਰਲੇ ਵਾਲਾ,
ਸਿੰਘ ਦੇ ਮੂਹਰੇ ਹੋਇਆ ਏ।
ਕਲਗੀਧਰ ਦੇ ਬੱਬਰ ਸ਼ੇਰ ਨੇ,
ਨੇਜ਼ੇ ਵਿਚ ਪਰੋਇਆ ਏ।
ਵਾਂਗ ਗੁਲਾਬ ਦੇ ਫੁੱਲ ਟਹਿਕਦੇ,
ਕਾਲ ਦੀ ਝੋਲੀ ਪਾ ਦਿੱਤੇ।
ਕਲਗੀਧਰ ਦਿਆਂ... ...

3

ਜਥੇਦਾਰ ਮਹਾਂ ਸਿੰਘ ਸੂਰਮਾ,
ਤੇਗ਼ ਚਲਾਵੇ ਲੋਹੜੇ ਦੀ।
ਵਿਚ ਮੈਦਾਨ ਦੇ ਛਾਤੀ ਧੜਕੇ,
ਵੈਰੀ ਦਿਲ ਦੇ ਕੋਹੜੇ ਦੀ।
ਪਲ ਦੇ ਅੰਦਰ ਕੁਝ ਜਬਰ ਦੇ,
ਸਿੰਘ ਕਿਲ੍ਹੇ ਢਵਾ ਦਿੱਤੇ।
ਕਲਗੀਧਰ ਦਿਆਂ... ...



4

ਉਧਰ ਵੇਖੋ ਨਿਹੰਗ ਸਿੰਘ ਜੋ,
ਅਲਖ ਮੁਕਾਉਂਦਾ ਵੈਰੀ ਦੀ।
ਅਣਖੀ ਯੋਧਾ ਵੀਰ ਬਹਾਦਰ,
ਧੌਣ ਝੁਕਾਉਂਦਾ ਵੈਰੀ ਦੀ।
ਖ਼ਾਨਾਂ ਨੂੰ ਸਿੰਘਾਂ ਦੇ ਤੀਰਾਂ,
ਗਿਣ ਕੇ ਹੱਕ ਦਿਵਾ ਦਿੱਤੇ।
ਕਲਗੀਧਰ ਦਿਆਂ... ...

5

ਕਈ ਹਜ਼ਾਰ ਨੂੰ ਚਾਰ ਕੁ ਸੌ ਨੇ,
ਲੋਹੇ ਦੇ ਚਣੇ ਚਬਾ ਦਿੱਤੇ।
ਪਰਬਤ ਵਰਗੇ ਬੁਰਜ ਹੈਂਕੜੀ,
ਮਿੱਟੀ ਵਿਚ ਮਿਲਾ ਦਿੱਤੇ।
ਹੈਂਕੜ ਦੇ ਵਿਹੜੇ ਵਿਚ ਸਿੰਘਾਂ,
ਮੌਤ ਦੇ ਪੈਰ ਪਵਾ ਦਿੱਤੇ।
ਕਲਗੀਧਰ ਦਿਆਂ... ...

6

ਭਾਗੋ ਮਾਂ ਝਬਾਲ ਦੀ ਜੱਟੀ,
ਹਰ ਯੋਧੇ ਨੂੰ ਤਾੜੇ ਪਈ।
ਜਿਸ ਦੀ ਰਾਈਫ਼ਲ ਅੱਗ ਵਰ੍ਹਾਵੇ,
ਦਲ ਵੈਰੀ ਦਾ ਸਾੜੇ ਪਈ।



Scanned by CamScanner

ਖੱਬੀ ਖ਼ਾਂ ਖ਼ਾਨਾਂ ਦੇ ਸਿੰਘਾਂ,
ਕੰਨੀਂ ਹੱਥ ਲਵਾ ਦਿੱਤੇ।
ਕਲਗੀਧਰ ਦਿਆਂ... ...

7

ਪਾਣੀ ਪਾਣੀ ਫਟੜ ਕੂਕਣ,
ਹਾਣੀ ਮਾਰੇ ਹਾਣੀ ਨੂੰ।
ਕਲਗੀਧਰ ਦੇ ਸਿੰਘ ਸੂਰਮੇ,
ਵੇਖ ਲੈਣ ਦੇ ਕਾਣੀ ਨੂੰ।
ਧਰਮ ਰੱਖਣ ਨੂੰ ਦੇਸ਼ ਦੇ ਬਦਲੇ,
ਇੱਟਾਂ ਥਾਂ ਸਿਰ ਲਾ ਦਿੱਤੇ।
ਕਲਗੀਧਰ ਦਿਆਂ... ...

8

ਅਣਖ ਵੰਗਾਰੇ ਸਿੰਘ ਦਲੇਰੋ,
ਵੈਰੀ ਜੀਂਦਾ ਜਾਵੇ ਨਾ।
ਜੀਂਦਾ ਰਹੇ ਜੇ ਖ਼ਾਨ ਵਜੀਦਾ,
ਮੁੜ ਕੇ ਇਧਰ ਆਵੇ ਨਾ।
ਜੋ ਭੁੱਖੀ ਸੀ ਮੌਤ ਲੁਟੇਰੀ,
ਨਿਉਂਦੇ ਖ਼ੂਬ ਛਕਾ ਦਿੱਤੇ।
ਕਲਗੀਧਰ ਦਿਆਂ... ...

9

ਰਣ ਤੱਤੇ ਵਿਚ ਮੌਤ ਮਜਾਜਣ,
ਲੰਮੀਆਂ ਕਦਮਾਂ ਭਰਦੀ ਗਈ।



ਜਿਹੜਾ ਹਾਣ ਪਿਆਰਾ ਲੱਗਾ,
ਉਸ ਹਾਣੀ ਨੂੰ ਵਰਦੀ ਗਈ।
ਉਹ 'ਜੋਗੀ ਸਿੰਹਾਂ' ਜੀਉ ਨਹੀਂ ਸਕਦੇ,
ਤੇਗ਼ ਨੇ ਜਿਹੜੇ ਸੁਆ ਦਿੱਤੇ।
ਕਲਗੀਧਰ ਦਿਆਂ ਬੀਰ ਜਵਾਨਾਂ,
ਜਾਬਰ ਖ਼ਾਨ ਨਿਵਾ ਦਿੱਤੇ।

ਢਾਬ ਕੰਢੇ ਲੜਨ ਵਾਲੇ ਲਗਪਗ ਸਾਰੇ ਸਿੰਘ ਸ਼ਹੀਦ ਹੋ ਗਏ। ਵਜ਼ੀਰ ਖ਼ਾਂ ਦੀ ਵੀ ਅੱਧੀ ਕੁ ਫ਼ੌਜ ਮਾਰੀ ਗਈ। ਵਜ਼ੀਰ ਖ਼ਾਂ ਨੇ ਸੋਚਿਆ ਕਿ ਗੁਰੂ ਜੀ ਵੀ ਸ਼ਹੀਦ ਹੋ ਗਏ ਹੋਣਗੇ ਪਰੰਤੂ ਜਦੋਂ ਗੁਰੂ ਜੀ ਦਾ ਸਰੀਰ ਨਾ ਮਿਲਿਆ ਤਾਂ ਵਜ਼ੀਰ ਖ਼ਾਂ ਦਾ ਦਿਲ ਟੁੱਟ ਗਿਆ। ਫ਼ੌਜ ਵੀ ਪਾਣੀ ਦੁੱਖੋਂ ਕੁਰਲਾ ਉੱਠੀ। ਕਪੂਰੇ ਨੇ ਅੱਗੇ ਵਧ ਕੇ ਆਖਿਆ, "ਨਵਾਬ ਸਾਹਿਬ! ਇਸ ਭਿਆਨਕ ਜੰਗਲ ਵਿਚੋਂ ਗੁਰੂ ਜੀ ਨੂੰ ਫੜਨਾ ਮੁਸ਼ਕਿਲ ਹੈ ਅਤੇ ਪਾਣੀ ਵੀ ਤੀਹ ਕੋਹ 'ਤੇ ਮਿਲੇਗਾ ਪਰ ਪਿੱਛੇ ਮੁੜਨ 'ਤੇ ਦਸ ਕੋਹ 'ਤੇ ਪਾਣੀ ਮਿਲ ਸਕਦਾ ਹੈ।"

ਅਖ਼ੀਰ ਵਜ਼ੀਰ ਖ਼ਾਂ ਨੇ ਇਹ ਰਾਏ ਮੰਨ ਲਈ ਤੇ ਵਾਪਸ ਮੁੜ ਗਿਆ। ਲੜਾਈ ਖ਼ਤਮ ਹੋ ਗਈ। ਗੁਰਦੇਵ ਟਿੱਬੀ ਤੋਂ ਚੱਲ ਕੇ ਮੈਦਾਨ ਵਿਚ ਆਏ। ਇਕ-ਇਕ ਸ਼ਹੀਦ ਸਿੰਘ ਨੂੰ ਗੁਰੂ ਜੀ ਛਾਤੀ ਨਾਲ ਲਾਉਂਦੇ ਤੇ ਖ਼ੁਸ਼ ਹੋ ਕੇ ਵਰ ਦਿੰਦੇ, "ਇਹ ਸਾਡਾ ਪੰਜ ਹਜ਼ਾਰੀ ਸਰਦਾਰ ਹੈ, ਇਹ ਦਸ ਹਜ਼ਾਰੀ ਜਰਨੈਲ ਹੈ, ਇਹ ਵੀਹ ਹਜ਼ਾਰੀ ਸੂਰਮਾ ਹੈ।" ਆਖ਼ਰ ਗੁਰੂ



Scanned by CamScanner

ਜੀ ਸ. ਮਹਾਂ ਸਿੰਘ ਕੋਲ ਪਹੁੰਚੇ। ਸੂਰਮਾ ਅਜੇ ਸਹਿਕ ਰਿਹਾ
ਸੀ। ਗੁਰਦੇਵ ਨੇ ਪੱਟ 'ਤੇ ਸਿਰ ਰੱਖ ਕੇ ਰੁਮਾਲ ਨਾਲ ਮੂੰਹ
ਪੂੰਝਿਆ ਅਤੇ ਪਿਆਰ ਨਾਲ ਆਖਿਆ, "ਬੇਟਾ ਮਹਾਂ ਸਿੰਘ।
ਮੰਗ ਕੀ ਚਾਹੁੰਦਾ ਹੈਂ ?" ਸਤਿਗੁਰੂ ਮਿਹਰਾਂ ਦੇ ਵਰਾਂ ਨਾਲ
ਸਿੱਖ ਨੂੰ ਇਉਂ ਕਹਿੰਦੇ ਹਨ :

### ਕਾਫ਼ੀ

1

ਗੋਦੀ ਵਿਚ ਲੈ ਮਹਾਂ ਸਿੰਘ ਨੂੰ,
ਸਤਿਗੁਰੂ ਮੁੱਖੋਂ ਕਹਿੰਦੇ ਨੇ।
ਹੋ ਗਿਆ ਜ਼ਿਆਦਾ ਜ਼ਖ਼ਮੀ ਸਿੱਖਾ,
ਖ਼ੂਨ ਜਿਸਮ 'ਚੋਂ ਵਹਿੰਦੇ ਨੇ।
ਭਵਜਲ ਦੇ ਸਾਗਰ 'ਚੋਂ ਆਖੇਂ,
ਪਾਰ ਕਿਨਾਰੇ ਕਰ ਦੇਵਾਂ।
ਜੋ ਚਾਹੁੰਨਾ ਏਂ ਮੰਗ ਲੈ ਮਹਾਂ ਸਿੰਘਾ,
ਪਲ ਵਿਚ ਹਾਜ਼ਰ ਕਰ ਦੇਵਾਂ।

2

ਧਨ ਮਾਲ ਤੇ ਰਾਜ ਜਾਗੀਰਾਂ,
ਦੱਸ ਕੀ ਪੁੱਤਰਾ ਚਾਹੁੰਨਾ ਏਂ।
ਸਾਰੀ ਦੁਨੀਆਂ ਦੀ ਸਰਦਾਰੀ,
ਦੱਸ ਓਏ ਪੁੱਤਰਾ ਚਾਹੁੰਦਾ ਏਂ।



ਕੀ ਚਾਹੁੰਨਾ ਏਂ ਰਾਜ ਸਿੰਘਾਸਣ,
ਧਨ ਨਜ਼ਰਾਨਾ ਕਰ ਦੇਵਾਂ।
ਜੋ ਚਾਹੁੰਨਾ ਏਂ... ...

3

ਜੇ ਚਾਹੁੰਨਾ ਏਂ ਸੱਤਰ ਹੂਰਾਂ,
ਆ ਜਾਣ ਸੇਵਾ ਕਰਨੇ ਲਈ।
ਅੱਗੇ ਪਿੱਛੇ ਫਿਰਨ ਭੱਜੀਆਂ,
ਤੇਰੀਆਂ ਮੁੱਠੀਆਂ ਭਰਨੇ ਲਈ।
ਕਰ ਦੇਵਾਂ ਸੋਨੇ ਦੇ ਭਾਂਡੇ,
ਸੰਗਮਰਮਰੀ ਘਰ ਦੇਵਾਂ।
ਜੋ ਚਾਹੁੰਨਾ ਏਂ... ...

4

ਜੇ ਚਾਹੁੰਨਾ ਏਂ ਹੋਰ ਉਮਰ ਤਾਂ,
ਦੱਸ ਓਏ ਪੁੱਤਰਾ ਸੰਗੀਂ ਨਾ।
ਪਰ ਜੋ ਕਾਇਦਾ ਹੈ ਕੁਦਰਤ ਦਾ,
ਉਸ ਲਕੀਰ ਨੂੰ ਲੰਘੀਂ ਨਾ।
ਜੇ ਤੂੰ ਫ਼ਾਰਮ ਚਾਹੇਂ ਉਮਰ ਦੇ,
ਹਾਜ਼ਰ ਕਰ ਦੇ ਭਰ ਦੇਵਾਂ।
ਜੋ ਚਾਹੁੰਨਾ ਏਂ... ...

5

ਚਿਰ ਤੋਂ 'ਵਾਜਾਂ ਮਾਰ ਰਿਹਾ ਸੈਂ,
ਮੈਂ ਸੁਣ ਕੇ ਆਇਆ ਈ।



Scanned by CamScanner

ਮੇਰੇ ਹੀਰਿਆ ਬੋਲੇਂ ਕਿਉਂ ਨਾ,
ਕਿਉਂ ਐਨਾ ਚਿਰ ਲਾਇਆ ਈ।
ਪਰਿਸਤਾਨ ਦੇ ਦਰਸ਼ਨ ਚਾਹੁੰਨਾ,
ਦਸ ਮੈਂ ਪਲ ਵਿਚ ਵਰ ਦੇਵਾਂ।
ਜੋ ਚਾਹੁੰਨਾ ਏਂ... ...

6

ਤੇਰੇ ਨਾਲ ਸ਼ਹੀਦ ਹੋਏ ਜੋ,
ਉਹਨਾਂ ਦਾ ਵੀ ਵਾਰਸ ਤੂੰ।
ਤੂੰ ਇਹਨਾਂ ਦਾ ਜਥੇਦਾਰ ਏਂ,
ਤੇ ਦੁਖੀਆਂ ਦੀ ਢਾਰਸ ਤੂੰ।
ਕੀ ਚਾਹੁੰਨਾ ਏਂ ਸੈਰ ਸਵਰਗੀ,
ਪਰਿਸਤਾਨੀ ਪਰ ਦੇਵਾਂ।
ਜੋ ਚਾਹੁੰਨਾ ਏਂ... ...

7

ਮੁਖੜਾ ਨਾਲ ਰੁਮਾਲ ਦੇ ਪੂੰਝਣ,
ਤੇ ਆਖਣ ਕਿਉਂ ਦੱਸਦਾ ਨਹੀਂ।
ਚੁੱਪ ਕੀਤਾ ਏਂ ਬੋਲੇਂ ਕਿਉਂ ਨਾ,
ਦਿਲ ਦੀ ਘੁੰਡੀ ਦੱਸਦਾ ਨਹੀਂ।
ਤੂੰ ਮੇਰਾ ਤੇ ਮੈਂ ਹਾਂ ਤੇਰਾ,
ਜੇ ਆਖੇਂ ਤਾਂ ਜਰ ਦੇਵਾਂ।
ਜੋ ਚਾਹੁੰਨਾ ਏਂ... ...



8

ਆਖਣ ਦੀਨ ਦੁਨੀ ਦੇ ਵਾਲੀ,
ਸਿਦਕੀ ਗੁਰਸਿੱਖ ਪਿਆਰੇ ਨੂੰ।
ਜਾਨ ਹੀਲ ਕੁਰਬਾਨੀ ਕੀਤੀ,
ਆਖਣ ਗੁਰੂ ਦੁਲਾਰੇ ਨੂੰ।
ਜੇ ਤੂੰ ਆਖੇਂ 'ਜੋਗੀ ਸਿੰਘਾ',
ਭੇਜ ਓਸ ਦੇ ਦਰ ਦੇਵਾਂ।
ਜੋ ਚਾਹੁੰਨਾ ਏਂ ਮੰਗ ਲੈ ਮਹਾਂ ਸਿੰਘਾ,
ਪਲ ਵਿਚ ਹਾਜ਼ਰ ਕਰ ਦੇਵਾਂ।

ਮਹਾਂ ਸਿੰਘ ਦੇ ਨੇਤਰ ਖੁੱਲ੍ਹੇ। ਮਹਾਂ ਸਿੰਘ ਦਰਸ਼ਨ ਕਰ ਕੇ ਨਿਹਾਲ ਹੋ ਗਿਆ। ਮਹਾਂ ਸਿੰਘ ਨੇ ਹੱਥ ਜੋੜ ਕੇ ਕਿਹਾ, "ਸੱਚੇ ਪਾਤਸ਼ਾਹ! ਜੇ ਤੁੱਠੇ ਹੋ ਤਾਂ ਮੇਰੇ ਵੀਰਾਂ ਦੀ ਭੁੱਲ ਮੁਆਫ਼ ਕਰ ਦਿਉ। ਬੱਸ ਇਸ ਤੋਂ ਵੱਧ ਕਿਸੇ ਵਰ ਦੀ ਲੋੜ ਨਹੀਂ। ਸਾਨੂੰ ਭੁੱਲਿਆਂ ਨੂੰ ਆਪਣੀ ਚਰਨੀਂ ਲਾ ਲਉ। ਮੈਂ ਕੇਵਲ ਇਸ ਲਈ ਦੋ ਘੜੀਆਂ ਜੀਅ ਰਿਹਾ ਸਾਂ ਕਿ ਕਾਲਖ਼ ਦਾ ਦਾਗ਼ ਲਾਹ ਸਕਾਂ। ਸਤਿਗੁਰੂ ਜੀ! ਜਲਦੀ ਕਰੋ, ਸਾਡੀ ਭੁੱਲ ਮੁਆਫ਼ ਕਰੋ।" ਸੂਰਮਾ ਭੁੱਲ ਬਖ਼ਸ਼ਾਉਣ ਲਈ ਗੁਰਦੇਵ ਦੇ ਦਰ 'ਤੇ ਭਰੇ ਨੈਣਾਂ ਨਾਲ ਇਉਂ ਜੋਦੜੀਆਂ ਕਰ ਰਿਹਾ ਹੈ:



Scanned by CamScanner

## ਦੋਤਾਰਾ

1

ਜ਼ਖ਼ਮਾਂ ਨਾਲ ਘਾਇਲ ਹੋਇਆ,
ਮਹਾਂ ਸਿੰਘ ਗੁਰਾਂ ਪਛਾਣ ਕੇ ਚੁੱਕਿਆ।
ਜੋ ਚਿਰ ਤੋਂ ਚਾਹੁੰਦਾ ਸੀ,
ਸੂਰਾ ਗਲ ਨਾ ਕਹਿਣੋਂ ਰੁਕਿਆ।
ਦਰਸ਼ਨ ਨੂੰ ਤਰਸ ਰਹੀਆਂ,
ਨਦੀਆਂ ਨੈਣਾਂ 'ਚੋਂ ਸਿੰਮ ਆਈਆਂ।
ਅਸੀਂ ਰਾਹੋਂ ਭੁੱਲੇ ਹਾਂ,
ਸਾਨੂੰ ਬਖ਼ਸ਼ ਸਿੱਖੀ ਦਿਆ ਸਾਈਆਂ।

2

ਬੋਲਿਆ ਨਾ ਜਾਂਦਾ ਸੀ,
ਹੈ ਸੀ ਜਿਸਮ ਸਿੰਘ ਦਾ ਪਿੰਜਿਆ।
ਮੁਕਤਸਰ ਦੀ ਧਰਤੀ ਨੂੰ,
ਜਿਸ ਨੇ ਨਾਲ ਖ਼ੂਨ ਦੇ ਸਿੰਜਿਆ।
ਸੀ ਹਾਲ ਪੁਕਾਰ ਰਹੀਆਂ,
ਦੱਸਦੀਆਂ ਸੀ ਨਜ਼ਰਾਂ ਲਲਚਾਈਆਂ।
ਅਸੀਂ ਰਾਹੋਂ ਭੁੱਲੇ... ...

3

ਜਿਨ੍ਹ ਪਾਪੀ ਹੱਥਾਂ ਨੇ,
ਪੁੱਠੇ ਦਸਖ਼ਤ ਭੁੱਲ ਕੇ ਕੀਤੇ।



ਜਿੰਦ ਸਫਲੀ ਹੋ ਜਾਵੇ,
ਫਟੇ ਜ਼ਖ਼ਮ ਜਾਣ ਜੇ ਸੀਤੇ।
ਜੋ ਚਿੱਟੇ ਕਾਗ਼ਜ਼ 'ਤੇ,
ਕਾਲੇ ਰੰਗ ਦੀਆਂ ਲੀਰਾਂ ਪਾਈਆਂ।
ਅਸੀਂ ਰਾਹੋਂ ਭੁੱਲੇ... ...

4

ਤਨ ਪੁਤਲਾ ਗ਼ਲਤੀ ਦਾ,
ਇਸ ਨੇ ਤਾਂ ਚੰਗਾ ਕੀ ਹੋਣਾ।
ਪਰ ਕਾਲੇ ਦਾਗ਼ਾਂ ਨੂੰ,
ਦਾਤਾ ਜੀ ਮੈਂ ਚਾਹਵਾਂ ਧੋਣਾ।
ਤੁਸੀਂ ਬਖ਼ਸ਼ਣਹਾਰੇ ਹੋ,
ਲਾ ਦਿਓ ਦਿਲ 'ਤੇ ਰਹਿਮ ਦਵਾਈਆਂ।
ਅਸੀਂ ਰਾਹੋਂ ਭੁੱਲੇ... ...

5

ਇਕੋ ਦਿਲ ਚਾਹੁੰਦਾ ਏ,
ਬਖ਼ਸ਼ੋ ਜੇ ਚਰਨਾਂ ਦੀ ਧੂੜੀ।
ਬਿਨ ਤੁਹਾਡੇ ਚਰਨਾਂ ਤੋਂ,
ਜਾਪੇ ਜੱਗ ਪ੍ਰੀਤੀ ਕੂੜੀ।
ਪਲ ਵਿਚ ਮੁਕਾ ਦੇਵੋ,
ਮੇਰੀ ਜਿੰਦ ਜਾਨ ਦੀਆਂ ਦਾਈਆਂ।
ਅਸੀਂ ਰਾਹੋਂ ਭੁੱਲੇ... ...



Scanned by CamScanner

6

ਮਾਪੇ ਬਖ਼ਸ਼ਿੰਦ ਹੁੰਦੇ,
ਪੁੱਤਰ ਲੱਖਾਂ ਵਾਧੇ ਕਰਦੇ।
ਭੁੱਲਾਂ ਵੱਲ ਦੇਖੋ ਨਾ,
ਦਾਤਾ ਕੂਕਰ ਹਾਂ ਤੇਰੇ ਦਰ ਦੇ।
ਮੈਂ ਜੀਵਨ ਚਾਹੁੰਦਾ ਨਹੀਂ,
ਕੱਟੋ ਸਭ ਕੂੜ ਦੀਆਂ ਫਾਹੀਆਂ।
ਅਸੀਂ ਰਾਹੋਂ ਭੁੱਲੇ... ...

7

ਕੁਝ ਭਿੱਛਿਆ ਪਾਵੋ ਜੀ,
ਤੁਹਾਡੇ ਦਰ 'ਤੇ ਖੜੇ ਭਿਖਾਰੀ।
ਹੁਣ ਨਜ਼ਰ ਮਿਹਰ ਦੀ ਸੇ,
ਸਾਹਿਬਾ ਜੇ ਵੇਖੋ ਇਕ ਵਾਰੀ।
ਜੇ ਨਿਗਾਹ ਮਿਹਰ ਕਰ ਦਿਉ,
ਹੋਵਣ ਦਿਲ ਮੇਰੇ ਰੁਸ਼ਨਾਈਆਂ।
ਅਸੀਂ ਰਾਹੋਂ ਭੁੱਲੇ... ...

8

ਹਨ ਲੋਥਾਂ ਰਣ ਵਿਚ ਜੋ,
ਸਾਰੀਆਂ ਇਹੋ ਕਰਨ ਪੁਕਾਰਾਂ।
ਮੈਂ ਇਸ ਲਈ ਜਿਉਂਦਾ ਹਾਂ,
ਤੁਹਾਡੇ ਦਰ 'ਤੇ ਅਰਜ਼ ਪੁਕਾਰਾਂ।



ਇਹ ਦਰਦ ਪੁਕਾਰਾਂ ਨੇ,
ਕਿਉਂ ਨਹੀਂ ਤੁਹਾਡੇ ਮਨ ਨੂੰ ਭਾਈਆਂ।
ਅਸੀਂ ਰਾਹੋਂ ਭੁੱਲੇ... ...

9

ਜੋ ਵੀਰੇ ਤੁਰ ਗਏ ਨੇ,
ਉਹਨਾਂ ਤੋਂ ਨਾ ਮੈਨੂੰ ਪਛਾੜੋ।
ਦੁਖੀਆਂ ਦੀ ਮੰਨੋ ਜੀ,
ਮੇਰੇ ਸਾਹਵੇਂ ਬੇਦਾਵਾ ਪਾੜੋ।
'ਜੋਗੀ' ਕਹੇ 'ਗੁਰਮੁਖ ਸਿੰਹਾਂ',
ਮਿਹਰਾਂ ਵਿਚ ਸਰਕਾਰਾਂ ਆਈਆਂ।
ਅਸੀਂ ਰਾਹੋਂ ਭੁੱਲੇ ਹਾਂ,
ਸਾਨੂੰ ਬਖ਼ਸ਼ ਸਿੱਖੀ ਦਿਆ ਸਾਈਆਂ।

ਹਜ਼ੂਰ ਨੇ ਪ੍ਰਸੰਨ ਹੋ ਕੇ ਆਖਿਆ, "ਮਹਾਂ ਸਿੰਘਾ! ਧੰਨ ਤੂੰ ਤੇ ਧੰਨ ਹਨ ਤੇਰੇ ਸਾਥੀ। ਬੇਟਾ! ਭੁੱਲਾਂ ਤਾਂ ਸਭ ਮੈਂ ਉਦੋਂ ਹੀ ਮੁਆਫ਼ ਕਰ ਦਿੱਤੀਆਂ ਸਨ ਜਦੋਂ ਤੁਸੀਂ ਮੇਰੇ ਵੱਲ ਤੁਰ ਪਏ ਸੀ। ਲੋਕ ਤੁਹਾਨੂੰ 'ਮੁਕਤੇ' ਕਿਹਾ ਕਰਨਗੇ ਤੇ ਇਹ ਢਾਬ 'ਮੁਕਤਸਰ' ਕਹਾਵੇਗੀ।" ਗੁਰਦੇਵ ਦੇ ਵਰ ਨਾਲ ਇਹ ਜਗ੍ਹਾ ਹੁਣ ਮੁਕਤਸਰ ਅਖਵਾਉਂਦੀ ਹੈ। ਇਹਨਾਂ ਮੁਕਤਿਆਂ ਦੀ ਯਾਦ ਵਿਚ ਇਥੇ ਹਰ ਸਾਲ ਮਾਘੀ ਦਾ ਮੇਲਾ ਮਨਾਇਆ ਜਾਂਦਾ ਹੈ।

ਮਹਾਂ ਸਿੰਘ ਦੇ ਸਾਥੀਆਂ ਵਿਚੋਂ ਕੇਵਲ ਮਾਤਾ ਭਾਗੋ



Scanned by CamScanner

ਹੀ ਬਚੀ, ਜੋ ਪਿੰਡ ਝਬਾਲ ਦੇ ਭਾਈ ਲੰਗਾਹਾ ਦੇ ਭਰਾ ਪੈ
ਸ਼ਾਹ ਦੀ ਸਪੁੱਤਰੀ ਸੀ। ਕੁਝ ਹੋਸ਼ ਆਉਣ 'ਤੇ ਸਤਿਗੁਰ
ਪੁੱਛਿਆ, "ਬੇਟਾ! ਕੁਝ ਮੰਗ ਲੈ।"

ਮਾਤਾ ਭਾਗੋ ਨੇ ਚਰਨਾਂ 'ਤੇ ਝੁਕ ਕੇ ਆਖਿਆ, "ਸੱ
ਪਾਤਸ਼ਾਹ! ਦਰਸ਼ਨ ਕਰ ਕੇ ਕੋਈ ਭੁੱਖ ਨਹੀਂ ਰਹਿ ਗਈ।
ਤੁੱਠੇ ਹੋ ਤਾਂ ਨਾਮ ਦਾਨ ਬਖ਼ਸ਼ੋ।'

ਇਲਾਜ ਕਰਨ ਨਾਲ ਮਾਤਾ ਭਾਗੋ ਬਚ ਗਈ। ਉ
ਗੁਰੂ ਜੀ ਨਾਲ ਨੰਦੇੜ ਚਲੀ ਗਈ। ਉਥੇ ਹੀ ਮਾਤਾ ਜੀ
ਸਵਰਗਵਾਸ ਹੋਏ ਤੇ ਉਥੇ ਹੀ ਅੰਤਮ ਦੇਹੁਰਾ ਹੈ।

ਇਹ ਹੈ ਅਣਖੀਲੇ ਮਰਦਾਂ ਦੀ ਕਹਾਣੀ ਜਿਨ੍ਹਾਂ ਨੇ
ਆਪਣੀਆਂ ਜਾਨਾਂ ਵਾਰ ਕੇ ਭੁੱਲਿਆਂ ਨੂੰ ਗੁਰੂ ਵਾਲੇ
ਬਣਾਇਆ।

•



ੴ ਸਤਿਗੁਰ ਪ੍ਰਸਾਦਿ ॥

ਪ੍ਰਸੰਗ

# ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਉੱਤੇ ਫ਼ਤਹਿ ਅਤੇ ਸੂਬਾ ਵਜ਼ੀਰ ਖ਼ਾਨ ਦੀ ਮੌਤ

ਬੈਰਾਗੀ ਮਾਧੋ ਦਾਸ ਤੋਂ ਬੰਦਾ ਸਿੰਘ ਬਣਾ ਕੇ ਕਲਗੀਆਂ ਵਾਲੇ ਨੇ ਪੰਜ ਤੀਰ, ਨਿਸ਼ਾਨ ਸਾਹਿਬ, ਨਗਾਰਾ ਤੇ ਹੁਕਮਨਾਮਾ ਬਖ਼ਸ਼ੇ। ਇਸ ਦੇ ਨਾਲ ਹੀ ਹਜ਼ੂਰ ਜੀ ਨੇ ਪੰਜ ਪਿਆਰੇ (ਦਇਆ ਸਿੰਘ, ਬਿਨੋਦ ਸਿੰਘ, ਬਾਜ ਸਿੰਘ, ਕਾਹਨ ਸਿੰਘ ਤੇ ਰਾਮ ਸਿੰਘ) ਤੇ ਵੀਹ ਸਿੰਘ ਨਾਲ ਹੋਰ ਦੇ ਕੇ ਜ਼ਾਲਮਾਂ ਨੂੰ ਸੋਧਣ ਵਾਸਤੇ ਪੰਜਾਬ ਨੂੰ ਤੋਰ ਦਿੱਤਾ। ਜਿਉਂ-ਜਿਉਂ ਬੰਦਾ ਸਿੰਘ ਦਾ ਜਥਾ ਪੰਜਾਬ ਨੂੰ ਆ ਰਿਹਾ ਸੀ ਤਾਂ ਪਾਪੀਆਂ ਦੇ ਜ਼ੁਲਮ ਬਾਬਤ ਸੁਣ ਕੇ ਸਿੰਘ ਰੋਹ ਵਿਚ ਆ ਰਹੇ ਸਨ। ਬੰਦਾ ਸਿੰਘ ਪੰਜਾਬ ਦੀਆਂ ਹੱਦਾਂ ਅੰਦਰ ਆ ਪਹੁੰਚਿਆ। ਮਹਾਰਾਜ ਦੇ ਹੁਕਮਨਾਮੇ ਥਾਂ-ਥਾਂ ਭੇਜਣ 'ਤੇ ਸ. ਫ਼ਤਹਿ ਸਿੰਘ (ਭਾਈ ਭਗਤੂ ਕਾ), ਸ. ਕਰਮ ਸਿੰਘ ਤੇ ਸ. ਧਰਮ ਸਿੰਘ



Scanned by CamScanner

(ਭਾਈ ਰੂਪੇ ਕੇ), ਸ. ਆਲੀ ਸਿੰਘ, ਸ. ਮਾਲੀ ਸਿੰਘ (ਸਲੋਦੀ ਵਾਲੇ), ਸ. ਨਗਾਹੀਆ ਸਿੰਘ, ਸ. ਚੂਹੜ ਸਿੰਘ ਆਦਿ ਆਪੋ-ਆਪਣੇ ਜਥੇ ਲੈ ਕੇ ਬੰਦਾ ਸਿੰਘ ਨਾਲ ਆ ਮਿਲੇ। ਇਹ ਪੂਰਾ ਜਥਾ ਸਮਾਣੇ 'ਤੇ ਜਾ ਪਿਆ। ਦਸ ਕੁ ਹਜ਼ਾਰ ਬੰਦੇ ਮਾਰੇ ਗਏ। ਇਸ ਤੋਂ ਪਿੱਛੋਂ ਘੁੜਾਮ, ਸ਼ਾਹਬਾਦ, ਮੁਸਤਫ਼ਾਬਾਦ ਤੇ ਕਪੂਰੀ 'ਤੇ ਹੱਲਾ ਕੀਤਾ। ਫਿਰ ਸਾਰਾ ਦਲ ਸਢੌਰੇ 'ਤੇ ਟੁੱਟ ਪਿਆ। ਉਧਰੋਂ ਮਾਝੇ ਦੇ ਸਿੰਘ ਵੀ ਛਾਹੋਦ ਹੀ ਆ ਰਹੇ ਸਨ। ਰੋਪੜ 'ਚ ਲਹੂ-ਡੋਲ੍ਹਵੀਂ ਲੜਾਈ ਹੋਈ। ਇਸ ਤੋਂ ਅੱਗੇ ਬਨੂੜ ਨੂੰ ਫ਼ਤਹਿ ਕੀਤਾ। ਲੱਗਦੇ ਹੱਥ ਛਤ ਵੀ ਮਾਰ ਲਿਆ। ਸਿੰਘਾਂ ਦੇ ਜਥੇ ਨੇ ਇਉਂ ਤਰਥੱਲੀ ਮਚਾਈ:

ਪਉੜੀ

1

ਕਲਗੀ ਵਾਲੇ ਗੁਰਾਂ ਤੋਂ ਕਈ ਸਿਫ਼ਤਾਂ ਲੈ ਕੇ।
ਬੰਦਾ ਤੁਰਿਆ ਦੱਖਣੋਂ ਰਾਹ ਸਿੱਧੇ ਪੈ ਕੇ।
ਭੰਨ ਦੇਣਾ ਹੈ ਜਿਸ ਨੇ ਹੰਕਾਰੀ ਮੱਥਾ।
ਤੁਰਿਆ ਵੱਲ ਪੰਜਾਬ ਦੇ ਬੰਦੇ ਦਾ ਜੱਥਾ।

2

ਭੱਥੇ ਦੇ ਵਿਚ ਉਹਨਾਂ ਨੇ ਕਈ ਫ਼ਨੀਅਰ ਕੀਲੇ।
ਮੁੱਛਾਂ ਮੋਟੀਆਂ ਕੁੰਢੀਆਂ ਤੇ ਨੈਣ ਨਸ਼ੀਲੇ।
ਘੱਟ ਨਾ ਨਜ਼ਰੇ ਪਏ ਕੋਈ ਹਰ ਕੋਈ ਸਿਰ ਲੱਥਾ।
ਤੁਰਿਆ ਵੱਲ... ...

3

ਹੇਠਾਂ ਘੋੜੇ ਨੱਚਦੇ ਮੋਢਿਆਂ 'ਤੇ ਢਾਲੇ।
ਕਈ ਹੋਣੀ ਨੂੰ ਜੱਚਦੇ ਕੱਦ ਮੱਖਣੀ ਪਾਲੇ।



ਭਰਿਆ ਹਰ ਇਕ ਸ਼ੇਰ ਨੇ ਤੀਰਾਂ ਦਾ ਭੱਥਾ।
ਤੁਰਿਆ ਵੱਲ... ...

4

ਆਉਂਦੇ ਸਾਰ ਬਨੂੜ ਨੂੰ ਢਾਹ ਢੇਰੀ ਕੀਤਾ।
ਛਤ ਸਢੌਰਾ ਮਾਰਿਆ ਜੱਗ ਜੇਰੀ ਕੀਤਾ।
ਬਲੀ ਬੰਦਾ ਸਿੰਘ ਬੀਰ ਦਾ ਦਲ ਖ਼ੁਸ਼ੀ 'ਚ ਲੱਥਾ।
ਤੁਰਿਆ ਵੱਲ... ...

5

ਆਲੀ ਸਿੰਘ ਤੇ ਬਾਜ ਸਿੰਘ ਮਾਰਨ ਲਲਕਾਰੇ।
ਰਾਮ ਸਿੰਘ ਤੇ ਸ਼ਾਮ ਸਿੰਘ ਵੀ ਕਦੇ ਨਹੀਂ ਹਾਰੇ।
ਔਖੀਓਂ ਔਖੀ ਗੱਲ ਦਾ ਝੱਟ ਹੋਊ ਉਲੱਥਾ।
ਤੁਰਿਆ ਵੱਲ... ...

6

ਜੋ ਵੀ ਪਈਆਂ ਅੜਾਉਣੀਆਂ ਹੱਲ ਪਲਾਂ 'ਚ ਹੋਈਆਂ।
ਜੋ ਵਾਧੇ ਸੀ ਕਰਦੀਆਂ ਉਹ ਤਾਕਤਾਂ ਰੋਈਆਂ।
ਜਿਨ੍ਹਾਂ ਦੇ ਵਿਚ ਸੱਚ ਦੀ ਪੂਰੀ ਸਮਰੱਥਾ।
ਤੁਰਿਆ ਵੱਲ... ...

7

ਚੱਪੜ ਚਿੜੀ ਦੀ ਧਰਤ 'ਤੇ ਦਲ ਜੁੜਿਆ ਭਾਰਾ।
ਵੱਲ ਵਜੀਦੇ ਭੇਜਿਆ ਸਿੰਘਾਂ ਹਲਕਾਰਾ।
ਮਰਦ ਹਠੀਲੇ ਖ਼ੁਸ਼ੀ ਵਿਚ ਰਹੇ ਖੇਡ ਭੁਲੱਥਾ।
ਤੁਰਿਆ ਵੱਲ... ...



Scanned by CamScanner

## 8

ਬੰਦਾ ਬਦੀਆਂ ਤਿਆਗ ਕੇ ਹੈ ਰਣ ਵਿਚ ਆਇਆ।
ਜਿਸ ਨੂੰ ਦਸਵੇਂ ਗੁਰਾਂ ਨੇ ਹੈ ਥਾਪੜਾ ਲਾਇਆ।
'ਜੋਗੀ' ਲੱਭ ਜਵਾਨ ਉਹ ਜੋ ਸਹੇ ਗਲੱਥਾ।
ਤੁਰਿਆ ਵੱਲ ਪੰਜਾਬ ਦੇ ਬੰਦੇ ਦਾ ਜੱਥਾ।

ਇੰਨੀਆਂ ਮੱਲਾਂ ਮਾਰ ਕੇ ਬੰਦਾ ਸਿੰਘ ਬਹਾਦਰ ਨੇ ਸੂਬਾ ਸਰਹਿੰਦ ਵਜ਼ੀਰ ਖ਼ਾਂ ਨੂੰ ਇਕ ਚਿੱਠੀ ਲਿਖੀ। ਜਿਸ ਵਿਚ ਲਿਖਿਆ ਕਿ ਖ਼ਾਨਾ, ਤਿਆਰ ਹੋ ਜਾ। ਕਲਗੀਧਰ ਦਾ ਬੀਰ ਬਹਾਦਰ ਸੂਰਮਾ ਬੰਦਾ ਸਿੰਘ ਚੜ੍ਹ ਕੇ ਆ ਰਿਹਾ ਹੈ। ਸੂਰਮੇ ਨੇ ਸਾਹਿਬਜ਼ਾਦਿਆਂ ਦਾ ਬਦਲਾ ਲੈਣ ਲਈ ਵਜ਼ੀਰ ਖ਼ਾਨ ਨੂੰ ਜੋ ਰੋਹ ਭਰੀ ਚਿੱਠੀ ਲਿਖੀ, ਉਸ ਦਾ ਵੇਰਵਾ ਇਉਂ ਹੈ:

### ਦਵੱਈਆ

1

ਬੰਦਾ ਸਿੰਘ ਬਹਾਦਰ ਯੋਧੇ,
ਚਿੱਠੀ ਲਿਖ ਘਲਾਈ।
ਸੂਬਾ ਤਕ ਹੈਰਾਨ ਹੋ ਗਿਆ,
ਕਿਧਰੋਂ ਆਫ਼ਤ ਆਈ।
ਮਾਰੇ ਲਾਲ ਗੁਰਾਂ ਦੇ ਛੋਟੇ,
ਤੇਰਾ ਠੀਕ ਨਹੀਂ ਧੰਦਾ।
ਬੰਦਾ ਬਦਲਾ ਲੈਣ ਆ ਗਿਆ,
ਸੁਣ ਸੂਬਿਆ ਸਰਹਿੰਦਾ।

2

ਲਾਲਾਂ ਨੂੰ ਕੰਧਾਂ ਵਿਚ ਚਿਣਦਿਆਂ,
ਲਾਜ ਨਾ ਆਉਂਦੀ ਵੇਖੀ।
ਖ਼ੁਦੀ ਤਕੱਬਰੀ ਅਤਿ ਕਰਨ ਤੋਂ,
ਬਾਜ ਨਾ ਆਉਂਦੀ ਵੇਖੀ।
ਪਲਾਂ 'ਚ ਗੋਡੇ ਲਾਉਣੇ ਤੇਰੇ,
ਓਏ ਚੌਂਦੇਂ ਦਿਆ ਚੰਦਾ।
ਬੰਦਾ ਬਦਲਾ... ...

3

ਖ਼ਾਨ ਮਲੇਰੀ ਦੀ ਨਾ ਮੰਨੀ,
ਸੁੱਚਾ ਨੰਦ ਅਪਣਾਇਆ।
ਸੋਚ ਵਿਚਾਰ ਕੇ ਗੱਲ ਨਿਆਂ ਦੀ,
ਕਿਉਂ ਨਹੀਂ ਚੇਤਾ ਆਇਆ।
ਫੜ ਕੇ ਤੈਨੂੰ ਸਾਫ਼ ਕਰਾਂਗੇ,
ਫੇਰ ਅਕਲ ਦਾ ਰੰਦਾ।
ਬੰਦਾ ਬਦਲਾ... ...

4

ਲਿਖਿਆ ਨਹੀਂ ਕੁਰਾਨ 'ਚ ਤੁਹਾਡੇ,
ਬਾਲਾਂ ਨੂੰ ਮਰਵਾਉਣਾ।
ਤੂੰ ਸਰਹਿੰਦ 'ਚ ਚਾਰ ਦਿਨਾਂ ਦਾ,
ਅੱਜ ਤੋਂ ਸਮਝ ਪ੍ਰਾਹੁਣਾ।
ਤੈਨੂੰ ਸਮਝ ਉਡੀਕ ਰਿਹਾ ਈ,
ਮਲਕੁਲ ਮੌਤ ਦਾ ਕੰਧਾ।
ਬੰਦਾ ਬਦਲਾ... ...

5

ਤੇਰਾ ਸਭ ਕੁਝ ਫ਼ੇਲ੍ਹ ਕਰਨ ਨੂੰ,
ਲਹਿਰ ਨਦੇੜੋਂ ਉੱਠੀ।



Scanned by CamScanner

ਦਸਮ ਗੁਰੂ ਜੇ ਹੁਕਮ ਦੇਣ ਤਾਂ,
ਧਰਤੀ ਕਰ ਦੇਈਏ ਪੁੱਠੀ।
ਖ਼ਤਮ ਕਲੋਲ ਕਰਾਂਗੇ ਤੇਰੇ,
ਬੇਗਮ ਦਿਆ ਫ਼ਰਜ਼ੰਦਾ।
ਬੰਦਾ ਬਦਲਾ... ...

6

ਦਸਮ ਗੁਰਾਂ ਦੇ ਲਾਲ ਦੀ ਗੋਡੀ,
ਤੇਸੀ ਨਾਲ ਖਰੋਚੀ।
ਅੱਤ ਤੇ ਰੱਬ ਦਾ ਵੈਰ ਬੜਾ ਈ,
ਪਰ ਤੂੰ ਗੱਲ ਨਹੀਂ ਸੋਚੀ।
ਯਾਦ ਰੱਖ ਹੁਣ ਟੁੱਟਣ ਲੱਗੋਂ,
ਚੜ੍ਹੀ ਪਤੰਗ ਦਿਆ ਤੰਦਾ।
ਬੰਦਾ ਬਦਲਾ... ...

7

ਅੰਮ੍ਰਿਤਧਾਰੀ ਸਿੰਘ ਗੁਰਾਂ ਦਾ,
ਸ਼ੇਰਾਂ ਨੂੰ ਜੋ ਢਾਉਂਦੇ।
ਬੱਕਰੇ ਖਾਂਦੇ ਜੰਗ ਦੇ ਜਾਣੂ,
ਤੇਰੇ ਵੱਲ ਨੂੰ ਆਉਂਦੇ।
ਦਸਮ ਗੁਰਾਂ ਦਾ ਸਿੰਘ ਬੈਰਾਗੀ,
ਤੁਰਿਆ ਬਣ ਕੇ ਬੰਦਾ।
ਬੰਦਾ ਬਦਲਾ... ...



8

ਜਿਨ੍ਹਾਂ ਦਿਆਂ ਮੋਢਿਆਂ 'ਤੇ ਢਾਲਾਂ,
ਸੁੰਦਰ ਸੀਨੇ ਘੋੜੇ।
ਕਾਲ ਦੀਆਂ ਭਰਜਾਈਆਂ ਤੇਗ਼ਾਂ,
ਲੱਖਾਂ ਮਾਣ ਤਰੋੜੇ।
ਰਾਂਝੇ ਆਸ਼ਕ ਤੁਰੇ ਅੱਕ ਕੇ,
ਹੁਣ ਨਹੀਂ ਚਰਚਾ ਖੰਡ੍ਹਾ।
ਬੰਦਾ ਬਦਲਾ... ...

9

ਮਤਾਂ ਭੁਲੇਖੇ ਵਿਚ ਨਾ ਰਹਿ ਜਾਈਂ,
ਤਾਂ ਇਹ ਖ਼ਬਰ ਪੁਚਾਈ।
ਕੱਲ੍ਹ ਨੂੰ ਤੁਹਾਡੀ ਸਰਹਿੰਦ ਉੱਤੇ,
ਸਮਝੋ ਆਫ਼ਤ ਆਈ।
ਜੱਗ ਦੇ ਵੇਂਹਦਿਆਂ ਭੰਨ ਦਿਆਂਗਾ,
ਓਏ ਹਾਥੀ ਦਿਆ ਦੰਦਾ।
ਬੰਦਾ ਬਦਲਾ... ...

10

ਇਸ ਲਈ ਤੈਨੂੰ ਰਹਿਣ ਨਹੀਂ ਦੇਣਾ,
ਚੰਗੀ ਨੀਤ ਨਹੀਂ ਤੇਰੀ।
ਖ਼ਬਰਦਾਰ ਹੋ ਫੇਰ ਨਾ ਆਖੀਂ,
ਬਦਲੀ ਨੀਤ ਨਹੀਂ ਤੇਰੀ।
ਚੜ੍ਹਿਆ ਏ 'ਜੋਗੀ' ਨੂੰ ਗੁੱਸਾ,
ਨਹੀਂ ਬਣਨਾ ਬਖ਼ਸ਼ੰਦਾ।



Scanned by CamScanner

ਬੰਦਾ ਬਦਲਾ ਲੈਣ ਆ ਗਿਆ,
ਸੁਣ ਸੂਬਿਆ ਸਰਹਿੰਦਾ।

ਅੱਗੇ ਵਜ਼ੀਰ ਖ਼ਾਨ ਵੀ ਬੇਫ਼ਿਕਰ ਹੋ ਕੇ ਨਹੀਂ ਬੈਠਾ ਸੀ। ਉਹ ਜਾਣਦਾ ਸੀ ਕਿ ਇਹ ਵਧਿਆ ਆਉਂਦਾ ਹੱਥ ਇਕ ਦਿਨ ਸਰਹਿੰਦ ਨੂੰ ਵੀ ਆਪਣੀ ਲਪੇਟ ਵਿਚ ਜ਼ਰੂਰ ਲਵੇਗਾ। ਸਿੱਖਾਂ ਦੀ ਚਿੱਠੀ ਪੁੱਜਣ 'ਤੇ ਉਸ ਨੇ ਖ਼ਾਨਾਂ ਦੀ ਇਕ ਮੀਟਿੰਗ ਸੱਦੀ। ਵਜ਼ੀਰ ਖ਼ਾਂ ਨੇ ਜੋਸ਼ ਭਰੀ ਇਕ ਤਕਰੀਰ ਕੀਤੀ। ਉਸ ਨੇ ਆਖਿਆ, "ਅਸੀਂ ਸ਼ੁਰੂ ਤੋਂ ਲੜਾਈ ਦੇ ਜਾਣੂ, ਕੱਲਾ-ਕੱਲਾ ਛਤਰਾ ਖਾ ਜਾਣ ਵਾਲੇ ਵੀਰ ਬਹਾਦਰ ਯੋਧੇ ਹਾਂ, ਇਹ ਕੁਣਕਾ ਖਾਣੇ ਸਾਡਾ ਮੁਕਾਬਲਾ ਕੀ ਕਰਨਗੇ।" ਇਹ ਤਕਰੀਰ ਸੁਣ ਕੇ ਖ਼ਾਨ ਅੱਗ ਵਾਂਗ ਭੜਕ ਉੱਠੇ। ਖ਼ਾਨਾਂ ਨੇ ਪਾਨਾਂ ਦੇ ਬੀੜੇ ਚੱਬਣੇ ਸ਼ੁਰੂ ਕੀਤੇ। ਦੀਨ ਤੋਂ ਮਰਨ ਲਈ ਵਜ਼ੀਰ ਖ਼ਾਂ ਨੂੰ ਇਉਂ ਦਲੇਰੀਆਂ ਦਿੰਦੇ ਹਨ:

### ਕਾਫ਼ੀ

1

ਬੰਦਾ ਸਿੰਘ ਦੀ ਚਿੱਠੀ ਪੜ੍ਹ ਕੇ,
ਜੋਸ਼ ਆ ਗਿਆ ਖ਼ਾਨਾਂ ਨੂੰ।
ਕਹਿੰਦੇ ਸਾਨੂੰ ਹੋਰ ਨਾ ਵਰਜੋ,
ਕੱਢ ਦਿਆਂਗੇ ਜਾਨਾਂ ਨੂੰ।
ਹੱਸ ਕੇ ਕਸਮ ਕੁਰਾਨ ਦੀ ਖਾਧੀ,
ਦੀਨ ਤੋਂ ਵਾਰਨੀਆਂ ਜਾਨਾਂ ਨੇ।
ਵੈਰੀ ਦਾ ਮੂੰਹ ਤੋੜ ਦਿਆਂਗੇ,
ਖਾਧੀ ਕਸਮ ਜਵਾਨਾਂ ਨੇ।



2

ਕੱਲਾ ਕੱਲਾ ਛਤਰਾ ਖਾ ਕੇ,
ਪੀ ਕੇ ਜਾਮ ਸੁਰਾਹੀਆਂ ਦੇ।
ਮਾਰ ਕੇ ਬੂਥੇ ਭੰਨ ਦਿਆਂਗੇ,
ਕੁਣਕਾ ਖਾਣਿਆਂ ਭਾਈਆਂ ਦੇ।
ਔੜ ਦਾ ਜੇਠ ਜ਼ੁਬਾਨੀ ਚੜ੍ਹਿਆ,
ਮੰਗੀ ਔੜ ਵੈਰਾਨਾਂ ਨੇ।
ਵੈਰੀ ਦਾ ਮੂੰਹ... ...

3

ਚੱਬ ਰਹੇ ਪਾਨਾਂ ਦੇ ਬੀੜੇ,
ਅੱਖੋਂ ਅੱਗ ਵਰ੍ਹਾਉਂਦੇ ਸੀ।
ਬੰਦਾ ਸਿੰਘ ਦੇ ਸੂਰਮਿਆਂ 'ਤੇ,
ਟੁੱਟ ਕੇ ਪੈਣਾ ਚਾਹੁੰਦੇ ਸੀ।
ਤੰਬੂਆਂ ਵਰਗੇ ਤੰਬੇ ਲੱਕੀਂ,
ਆਕਾਸ਼ ਗਜਾਏ ਬਿਆਨਾਂ ਨੇ।
ਵੈਰੀ ਦਾ ਮੂੰਹ... ...

4

ਸਿਰ ਕਈਆਂ ਦੇ ਦੇਗਾਂ ਜਿੱਡੇ,
ਡੇਲੇ ਵਾਂਗ ਖਣੋਟਾਂ ਦੇ।
ਖ਼ੁਦ ਖ਼ੁਦਾ ਤੋਂ ਜਾਨ ਵਾਰਦੇ,
ਨਾਲ ਨਹੀਂ ਵਿਕਦੇ ਨੋਟਾਂ ਦੇ।



Scanned by CamScanner

ਆਪੇ ਆਪਣੇ ਤੀਰ ਨੂੰ ਟੋਹਿਆ,
ਮਰ ਮਿਟਣੇ ਬਲਵਾਨਾਂ ਨੇ।
ਵੈਰੀ ਦਾ ਮੂੰਹ... ...

5

ਛੇਤੀ ਲਾਉ ਨਗਾਰੇ ਚੋਟਾਂ,
ਕਾਹਤੋਂ ਦੇਰਾਂ ਲਾਈਆਂ ਨੇ।
ਜਾਉ ਸ਼ੇਰੋ ਸ਼ਿੰਗਾਰ ਕੇ ਆਖਿਆ,
ਦਿਉਰਾਂ ਨੂੰ ਭਰਜਾਈਆਂ ਨੇ।
ਸਾਡੀ ਸੋਭਾ ਜੱਗ 'ਤੇ ਸਾਰੇ,
ਮੰਗੇ ਸਵਾਸ ਪ੍ਰਾਣਾਂ ਨੇ।
ਵੈਰੀ ਦਾ ਮੂੰਹ... ...

6

ਜਗਦੇ ਰਹਿਣਗੇ ਜਿੰਦ ਦੇ ਤਾਰੇ,
ਭਾਵੇਂ ਰਹਿਣ ਸੁਆਸ ਵੀ ਨਾ।
ਕਹਿੰਦੇ ਸਿੱਖ ਅਸਾਂ ਤੋਂ ਉੱਕੀ,
ਜੀਊਣ ਦੀ ਰੱਖਣ ਆਸ ਵੀ ਨਾ।
ਹਰ ਜਾਣਗੇ ਜੋ ਕਦੇ ਹਰੇ ਨਾ,
ਭੇੜ ਨਹੀਂ ਭਿੜਨਾ ਸਾਨ੍ਹਾਂ ਨੇ।
ਵੈਰੀ ਦਾ ਮੂੰਹ... ...

7

ਅੱਲ੍ਹਾ ਹੂ ਦੇ ਨਾਹਰੇ ਲਾਉਂਦੇ,
ਅਰਸ਼ ਸੀਸ 'ਤੇ ਚੱਕ ਲਿਆ।



ਜਿਵੇਂ ਸਿੱਖਾਂ ਨੂੰ ਦੀਨੀ ਹੜ੍ਹ ਨੇ,
ਜਾਪੇ ਪੈਂਦੇ ਧੱਕ ਲਿਆ।
ਕਹਿੰਦੇ ਧਰਮ ਨੂੰ ਰਹਿਣ ਨਹੀਂ ਦੇਣਾ,
ਚੁੱਕੀ ਅੱਤ ਹੈਵਾਨਾਂ ਨੇ।
ਵੈਰੀ ਦਾ ਮੂੰਹ... ...

8

ਜਾ ਅਲੀ ਹੈਦਰ ਹੋ ਹਾਜ਼ਰ,
ਰੋਕ ਦੇਈਏ ਹੱਥ ਚੜ੍ਹਿਆਂ ਨੂੰ।
ਜਿਨ੍ਹਾਂ ਪਾਰ ਝਨਾਂ ਤੋਂ ਜਾਣਾ,
ਨਹੀਂ ਟੁਣਕਾਉਂਦੇ ਘੜਿਆਂ ਨੂੰ।
ਦੇਣੇ ਵਿੰਨ੍ਹ ਵੈਰੀ ਦੇ ਸੀਨੇ,
ਨੇਜ਼ੇ ਲਹੂ ਲੁਹਾਨਾਂ ਨੇ।।
ਵੈਰੀ ਦਾ ਮੂੰਹ... ...

9

ਕੁੱਦਣਗੇ ਹੂਰਾਂ ਦੇ ਆਸ਼ਕ,
ਮੂਹਰੇ ਮੌਤ ਵਿਚੋਲੀ ਦੇ।
ਲੋੜ ਪਈ ਲਿਖ ਦੇਣਗੇ 'ਜੋਗੀ',
ਸਾਕੇ ਖ਼ੂਨੀ ਹੋਲੀ ਦੇ।
'ਗੁਰਮੁਖ' 'ਚੰਨ' ਮੁਥਾਜ ਹੁਸਨ ਦੇ,
ਆਗੂ ਦਲ ਦੀਆਂ ਸ਼ਾਨਾਂ ਦੇ।
ਵੈਰੀ ਦਾ ਮੂੰਹ ਤੋੜ ਦਿਆਂਗੇ,
ਖਾਧੀ ਕਸਮ ਜਵਾਨਾਂ ਨੇ।



Scanned by CamScanner

ਚਿੱਠੀ ਲਿਖਣ ਤੋਂ ਬਾਅਦ ਬੰਦਾ ਸਿੰਘ ਨੇ ਖ਼ਾਲਸੇ ਨੂੰ ਤਿਆਰੀ ਦਾ ਹੁਕਮ ਦਿੱਤਾ। ਸਿੰਘ ਇਸ ਕਹਿਰੀ ਸ਼ਹਿਰ 'ਤੇ ਹੱਲਾ ਬੋਲਣ ਲਈ ਬਹੁਤ ਉਤਾਵਲੇ ਸਨ। ਉਹ ਵਜ਼ੀਰ ਖ਼ਾਂ ਦੇ ਬਾਲ-ਬੱਚੇ ਤੜਫਦੇ ਵੇਖਣਾ ਚਾਹੁੰਦੇ ਸਨ। ਸਿੰਘਾਂ ਦੇ ਚਿਹਰੇ ਮਸ਼ਾਲਾਂ ਵਾਂਗ ਜਗ ਰਹੇ ਸਨ, ਹਰ ਇਕ ਸੂਰਮਾ ਪਾਪੀ ਤੋਂ ਬਦਲਾ ਲੈਣ ਲਈ ਕਾਹਲਾ ਪੈ ਰਿਹਾ ਸੀ।

ਸਿੰਘਾਂ ਦੀ ਇਸ ਤਿਆਰੀ ਦੀ ਸਾਰੀ ਰਿਪੋਰਟ ਲੈ ਕੇ ਇਕ ਸੂਹੀਆ ਵਜ਼ੀਰ ਖ਼ਾਨ ਕੋਲ ਪਹੁੰਚਿਆ। ਉਸ ਨੇ ਜੋ ਡਾਇਰੀ ਸੂਬੇ ਨੂੰ ਦਿੱਤੀ, ਉਸ ਦਾ ਵੇਰਵਾ ਇਉਂ ਬਿਆਨ ਕੀਤਾ ਜਾਂਦਾ ਹੈ:

### ਪਉੜੀ

1

ਆਖਿਆ ਇਉਂ ਜਸੂਸ ਨੇ ਸੂਬੇ ਨੂੰ ਆ ਕੇ।
ਇਉਂ ਜਾਪੇ ਜਿਉਂ ਹੁਣ ਹੀ ਪੈ ਚੱਲੇ ਧਾ ਕੇ।
ਭਾਰੂ ਜਾਪੇ ਦਸਾਂ 'ਤੇ ਉਹ ਕੱਲਾ-ਕੱਲਾ।
ਰੋਕ ਨਹੀਂ ਹੋਣਾ ਖ਼ਾਨ ਜੀ ਸਿੰਘਾਂ ਦਾ ਹੱਲਾ।

2

ਕਹਿੰਦੇ ਖ਼ਾਨ ਨਹੀਂ ਛੱਡਦੇ ਛੱਡਣ ਜੈਕਾਰੇ।
ਮਰਨੋਂ ਡਰਦੇ ਦਿੱਸਣ ਨਾ ਮਰਜੀਉੜੇ ਸਾਰੇ।
ਮੈਨੂੰ ਭਾਰਾ ਜਾਪਦਾ ਸਿੰਘਾਂ ਦਾ ਪੱਲਾ।
ਰੋਕ ਨਹੀਂ... ...

3

ਮੁੱਛਾਂ ਫਨੀਅਰ ਵਰਗੀਆਂ ਤੇ ਨੇਤਰ ਗਹਿਰੇ।
ਕਾਲ ਬਾਲ ਦੇ ਏਲਚੀ ਉਹਨਾਂ ਦੇ ਬਹਿਰੇ।



ਤਰਲੇ ਕਰ ਲਉ ਉਹਨਾਂ ਦੇ ਜੇ ਰੱਖ ਲਏ ਅੱਲ੍ਹਾ।
ਰੋਕ ਨਹੀਂ... ...

4

ਛੇ ਛੇ ਤੇਗ਼ਾਂ ਗਲਾਂ 'ਚ ਮੜ੍ਹ ਆਏ ਸੰਜੋਆਂ।
ਅੱਲ੍ਹਾ ਜ਼ਾਮਨ ਤੁਸਾਂ ਤੋਂ ਨਾ ਗੱਲ ਲੁਕੋਵਾਂ।
ਵੇਖ ਕੇ ਕਰਤਵ ਉਹਨਾਂ ਦੇ ਮਨ ਹੁੰਦਾ ਝੱਲਾ।
ਰੋਕ ਨਹੀਂ... ...

5

ਸੱਚ ਖ਼ੁਦਾ ਦੀ ਕਸਮ ਜੇ ਨਹੀਂ ਮਰਨੋਂ ਡਰਦੇ।
ਮੈਨੂੰ ਸੱਚਮੁੱਚ ਜਾਪਦੇ ਨਹੀਂ ਕਿਸੇ ਤੋਂ ਹਰਦੇ।
ਲੜ ਕੇ ਮਰਨਾ ਉਨ੍ਹਾਂ ਦਾ ਰਿਵਾਜ ਅਵੱਲਾ।
ਰੋਕ ਨਹੀਂ... ...

6

ਚੀਜ਼ ਏਕੇ ਦੀ ਵੰਡ ਕੇ ਉਹ ਸਾਰੇ ਖਾਂਦੇ।
ਖ਼ਾਨ ਵਜ਼ੀਰ ਨਹੀਂ ਛੱਡਣਾ ਉਹ ਸਾਰੇ ਆਂਹਦੇ।
ਖ਼ਾਲਸ ਸੋਨਾ ਜਾਪਦੇ ਵਿਚ ਕਿਸੇ ਨਾ ਰੱਲਾ।
ਰੋਕ ਨਹੀਂ... ...

7

ਕਰੋ ਤਿਆਰੀ ਖ਼ਾਨ ਜੀ ਹੈ ਜੇਵੇਂ ਮਰਜ਼ੀ।
ਕਾਮਯਾਬ ਨਾ ਹੋਵੇਗਾ ਤੇਰਾ ਟੋਲਾ ਫ਼ਰਜ਼ੀ।
'ਗੁਰਮੁਖ ਸਿੰਘਾ' 'ਜੋਗੀਆ' ਨਾ ਸਮਝ ਨਿਗੱਲਾ।
ਰੋਕ ਨਹੀਂ ਹੋਣਾ ਖ਼ਾਨ ਜੀ ਸਿੰਘਾਂ ਦਾ ਹੱਲਾ।



Scanned by CamScanner

ਇਧਰ ਸਰਹਿੰਦ ਤੋਂ ਬਾਰਾਂ ਕੋਹ ਦੂਰ ਚੱਪੜ-ਚਿੜੀ ਦੀ ਧਰਤੀ 'ਤੇ ਵਜ਼ੀਰ ਖ਼ਾਂ ਦੀਆਂ ਫ਼ੌਜਾਂ ਆ ਪਹੁੰਚੀਆਂ। ਸਭ ਸਰਦਾਰ, ਗ਼ਾਜ਼ੀ, ਜਰਨੈਲ, ਫ਼ੌਜਦਾਰ ਇਕੱਠੇ ਹੋ ਕੇ ਮੈਦਾਨ ਵਿਚ ਆਣ ਉਤਰੇ। ਇਕ ਪਾਸੇ ਗ਼ਾਜ਼ੀ, ਇਕ ਪਾਸੇ ਮਲੇਰੀਏ, ਵਿਚਕਾਰ ਵਜ਼ੀਰ ਖ਼ਾਂ ਹਾਥੀ 'ਤੇ ਬੈਠ ਗਿਆ।

ਉਧਰ ਬੰਦਾ ਸਿੰਘ ਨੇ ਆਪਣੇ ਸੂਰਮਿਆਂ ਨੂੰ ਵੰਗਾਰ ਕੇ ਆਖਿਆ, "ਕਲਗੀਧਰ ਦਿਉ ਬੀਰ ਸਪੁੱਤਰੋ! ਛੋਟੇ ਸਾਹਿਬਜ਼ਾਦਿਆਂ ਦਾ ਖ਼ੂਨ ਸਾਨੂੰ ਵੰਗਾਰ ਰਿਹਾ ਹੈ। ਜਿਸ ਪਾਪੀ ਨੇ ਦੋ ਮਾਸੂਮ ਬੱਚੇ ਨੀਹਾਂ ਵਿਚ ਚਿਣਵਾ ਦਿੱਤੇ, ਉਹ ਜਿਉਂਦਾ ਨਾ ਜਾਵੇ। ਇਸ ਦੇ ਨਾਲ ਹੀ ਲੋਭੀ ਸੁੱਚਾ ਨੰਦ ਵੀ ਬਚ ਕੇ ਨਾ ਨਿਕਲੇ। ਆਪੋ ਆਪਣੇ ਸ਼ਸਤਰ ਸਾਂਭੋ। ਸਰਹਿੰਦ ਸ਼ਹਿਰ ਦੀ ਇੱਟ ਨਾਲ ਇੱਟ ਖੜਕਾ ਦਿਉ। ਪਾਪੀਆਂ ਨੂੰ ਕੀਤੀਆਂ ਦੇ ਫਲ ਭੁਗਤਾ ਦਿਉ। ਰਣ ਵਿਚ ਐਸੇ ਹੱਥ ਵਿਖਾਉ ਕਿ ਵੈਰੀਆਂ ਨੂੰ ਕੀਤੇ ਗੁਨਾਹ ਯਾਦ ਆ ਜਾਣ।"

ਸਿੱਖ ਕੌਮ ਦੇ ਅਣਖੀਲੇ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਨੇ ਮਰ-ਜੀਊੜਿਆਂ ਦੀ ਕੌਮ ਨੂੰ ਇਉਂ ਵੰਗਾਰਿਆ:

**ਬੈਂਤ**

ਬੰਦਾ ਸਿੰਘ ਨੇ ਮੁੱਛ ਨੂੰ ਤਾਅ ਦੇ ਕੇ,
ਕਿਹਾ ਨਿੱਤ ਦੀ ਕਲ੍ਹੇ ਮੁਕਾਉ ਸਿੰਘੋ।
ਆਪਾਂ ਵੈਰ ਲੈਣਾ ਸਾਹਿਬਜ਼ਾਦਿਆਂ ਦਾ,
ਸਭ ਨੂੰ ਕੀਤੀ ਦਾ ਫਲ ਭੁਗਤਾਉ ਸਿੰਘੋ।
ਨਾਲ ਇੱਟ ਦੇ ਇੱਟ ਖੜਕਾ ਦੇਣੀ,
ਜਿਹੜੀ ਰੁਕੇ ਨਾ ਤੇਗ਼ ਚਲਾਉ ਸਿੰਘੋ।



ਦੇਣੇ ਪਾਪੀਆਂ ਨੂੰ ਫਲ ਕਰਨੀਆਂ ਦੇ,
ਕਰਜ਼ ਸੀਸ 'ਤੇ ਚੜ੍ਹੇ ਨੇ ਲਾਹੋ ਸਿੰਘੋ।
ਸੱਪਾਂ ਵਾਂਗ ਡਸਣ ਤਿੱਖੇ ਤੀਰ ਤੁਹਾਡੇ,
ਰਣ ਵਿਚ ਤੇਗ਼ੇ ਦੇ ਜੌਹਰ ਦਿਖਾਉ ਸਿੰਘੋ।
ਵਾਧਾ ਕਿਸੇ ਗ਼ਰੀਬ 'ਤੇ ਨਹੀਂ ਕਰਨਾ,
ਝੂਠ ਮਾਰ ਕੇ ਸੱਚ ਬਚਾਉ ਸਿੰਘੋ।
ਵੈਰ ਵੈਰੀਆਂ ਦਾ ਵਿਰਲੇ ਝੱਲਦੇ ਨੇ,
ਜੇਤੂ ਚੋਟ ਨਗਾਰੇ 'ਤੇ ਲਾਉ ਸਿੰਘੋ।
ਸੁੱਚਾ ਨੰਦ ਨੂੰ ਜੀਉਂਦੇ ਨਹੀਂ ਜਾਣ ਦੇਣਾ,
ਤੇ ਮਲੇਰੀ ਦਾ ਮਾਣ ਵਧਾਉ ਸਿੰਘੋ।
ਪਾਪੀ ਗੰਗੂ ਨੇ ਕਹਿਰ ਕਮਾਏ ਜਿਹੜੇ,
ਉਹਨੂੰ ਵਹਿੜਕਿਆਂ ਦੇ ਪਿੱਛੇ ਪਾਉ ਸਿੰਘੋ।
ਉਹ ਨਾ ਜਾਏ ਜਿਉਂਦਾ ਜਿਹੜਾ ਆਏ ਅੱਗੇ,
ਤਿਲਕ ਖ਼ੂਨ ਦਾ ਤੇਗ਼ ਨਾਲ ਲਾਉ ਸਿੰਘੋ।
ਸਿਰੋਂ ਵੱਜ ਕੇ ਪੈਰਾਂ 'ਤੇ ਜਾ ਨਿਕਲੇ,
ਐਸੀ ਧਰਮ ਦੀ ਤੇਗ਼ ਚਲਾਉ ਸਿੰਘੋ।
'ਜੋਗੀ' ਕੱਟ ਕੇ ਪੰਧ ਸਰਹਿੰਦ ਲੈ ਲਉ,
'ਮਸਤ' 'ਗੁਰਮੁਖਾਂ' ਦੇ ਗੀਤ ਗਾਉ ਸਿੰਘੋ।

ਚੱਪੜ-ਚਿੜੀ ਦੀ ਧਰਤ ਉੱਤੇ ਦੋਹਾਂ ਦਲਾਂ ਦਾ ਪਿੜ ਪਿਆ। ਇਹ ਗੱਲ 5 ਜੇਠ, ਸੰਮਤ 1767 ਬਿਕ੍ਰਮੀ ( 22 ਮਈ 1710 ਈ.) ਦੀ ਹੈ। ਵਜ਼ੀਰ ਖ਼ਾਂ ਨੇ ਤੋਪਖ਼ਾਨੇ ਨੂੰ ਹੁਕਮ ਦਿੱਤਾ। ਤੋਪਾਂ ਦੀਆਂ ਆਵਾਜ਼ਾਂ ਨੇ ਧਰਤੀ ਹਿਲਾ ਦਿੱਤੀ। ਨਾਲ ਹੀ ਵਜ਼ੀਰ ਖ਼ਾਂ ਨੇ ਹਾਥੀਆਂ ਦੀ ਕੰਧ ਅੱਗੇ ਵਧਾ ਦਿੱਤੀ। ਮੁਕਾਬਲੇ 'ਤੇ ਸ. ਬਾਜ਼



Scanned by CamScanner

ਸਿੰਘ ਨੇ ਹੱਲਾ ਬੋਲ ਦਿੱਤਾ। ਸੂਰਮੇ ਜੈਕਾਰੇ ਛੱਡ ਕੇ ਵੈਰੀ 'ਤੇ ਟੁੱਟ ਪਏ। ਮਲੇਰੀਏ ਮਝੈਲਾਂ ਦੇ ਟਾਕਰੇ 'ਤੇ ਆਣ ਡਟੇ। ਸਿੰਘਾਂ ਸੂਰਮਿਆਂ ਨੇ ਆਹੂ ਲਾਹ ਦਿੱਤੇ। ਜੋ ਧੋਖੇ ਨਾਲ ਬਾਬਾ ਜੀ ਨੂੰ ਕਤਲ ਕਰਨ ਆਏ ਸੀ, ਝੱਟ ਹਰਨ ਹੋ ਗਏ। ਇਸ ਦੇ ਨਾਲ ਹੀ ਮਲਵਈਆਂ ਨੇ ਗ਼ਾਜ਼ੀਆਂ 'ਤੇ ਹੱਲਾ ਬੋਲ ਦਿੱਤਾ। ਬੰਦਾ ਸਿੰਘ ਨੇ ਵੀ ਤੀਰਾਂ ਨਾਲ ਹਮਲਾ ਸ਼ੁਰੂ ਕੀਤਾ। ਮਲੇਰੀਏ ਧਰਤੀ 'ਤੇ ਡਿੱਗ ਪਏ ਤਾਂ ਵੈਰੀ ਦਲ 'ਚ ਹਫੜਾ-ਦਫੜੀ ਪੈ ਗਈ। ਗ਼ਾਜ਼ੀਆਂ ਨੇ ਵੀ ਖਿਸਕਣਾ ਸ਼ੁਰੂ ਕਰ ਦਿੱਤਾ। ਦੋਵੇਂ ਬਾਹੀਆਂ ਖ਼ਾਲੀ ਹੋ ਗਈਆਂ। ਵਿਚਕਾਰਲਾ ਮੋਰਚਾ ਜੀਹਦੇ ਵਿਚ ਵਜ਼ੀਰ ਖ਼ਾਨ ਆਪ ਸੀ, ਬਾਕੀ ਰਹਿ ਗਿਆ। ਬੰਦਾ ਸਿੰਘ ਨੇ ਆਖ਼ਰੀ ਹੱਲਾ ਉਸ 'ਤੇ ਕੀਤਾ। ਸਿੰਘਾਂ ਨੇ ਐਸੇ ਜੋਸ਼ ਨਾਲ ਖੰਡਾ ਵਾਹਿਆ ਕਿ ਧਰਤੀ ਲਹੂ ਨਾਲ ਰੰਗੀ ਗਈ। ਕਿਸੇ ਸੂਰਮੇ ਦਾ ਤੀਰ ਵਜ਼ੀਰ ਖ਼ਾਂ ਦੀ ਛਾਤੀ ਵਿਚ ਵੱਜਾ। ਉਹ ਹਾਥੀ ਤੋਂ ਥੱਲੇ ਡਿੱਗ ਪਿਆ। ਉਸ ਦੇ ਸਾਥੀ ਪਿੜ ਛੱਡ ਕੇ ਨੱਸ ਤੁਰੇ। ਜਿਵੇਂ ਸਿੰਘਾਂ ਨੇ ਪੂਰੇ ਰੋਹਬ ਵਿਚ ਆ ਕੇ ਵੈਰੀ ਨੂੰ ਭਾਜੜਾਂ ਪਾਈਆਂ, ਜਿਵੇਂ ਵੈਰੀਆਂ ਦੇ ਸੱਥਰ ਪਿੜ ਵਿਚ ਵਿਛਾਏ, ਉਸ ਸਾਰੇ ਜੰਗ ਦੇ ਸੀਨ ਨੂੰ ਇਉਂ ਬਿਆਨ ਕੀਤਾ ਜਾਂਦਾ ਹੈ:

## ਢੋਲੀ

1

ਝੰਡੇ ਝੁੱਲ ਪਏ ਦੋ ਪਾਸੀਂ ਲਾਲ ਰੰਗ ਦੇ।
ਸਾਰੇ ਡੱਟ ਕੇ ਖਲੋ ਗਏ ਮਾਹਿਰ ਜੰਗ ਦੇ।
ਆਪੋ ਆਪਣੇ ਪੱਖਾਂ ਦੀ ਜਿੱਤ ਮੰਗਦੇ।
ਉੱਚੀ ਛੱਡ ਕੇ ਜੈਕਾਰੇ।
ਕਹਿੰਦੇ ਅੱਗੇ ਵਧੋ ਸਾਰੇ।
ਕੱਲਾ ਲੱਖ ਤੋਂ ਨਾ ਹਾਰੇ।



ਪੈ ਗਏ ਬਿਜਲੀ ਜਿਉਂ ਤੇਗ਼ ਲਿਸ਼ਕਾਰ ਕੇ।
ਚੋਣਵੇਂ ਜਵਾਨ ਜੁੱਟ ਪਏ।
ਚੋਟਾਂ ਦੋਹਰੀਆਂ ਨਗਾਰਿਆਂ 'ਤੇ ਮਾਰ ਕੇ।
ਚੋਣਵੇਂ ਜਵਾਨ ਜੁੱਟ ਪਏ।

2

ਕੋਈ ਢਾਲ ਉੱਤੇ ਆਉਂਦੀ ਤੇਗ਼ ਰੋਕਦਾ।
ਕੋਈ ਵਾਰ ਨੂੰ ਬਚਾ ਕੇ ਨੇਜ਼ਾ ਠੋਕਦਾ।
ਦਿੰਦੇ ਹਾਣੀ ਨੂੰ ਟਿਕਟ ਪ੍ਰਲੋਕ ਦਾ।
ਕੋਈ ਮੁੜੇ ਨਾ ਪਿਛਾੜੀ।
ਮੌਤ ਵਰਨੀ ਹੈ ਲਾੜੀ।
ਜੁਟੇ ਤੇਗ਼ਾਂ ਦੇ ਖਿਲਾੜੀ।
ਕੋਈ ਮਾਰਦਾ ਹੈ ਤੀਰ ਨੂੰ ਸਵਾਰ ਕੇ।
ਚੋਣਵੇਂ ਜਵਾਨ... ...

3

ਜਾਣਾ ਮਾਰਿਆ ਜਿਹੜਾ ਵੀ ਅੱਗੇ ਆਊਗਾ।
ਯੋਧਾ ਬੰਦਾ ਸਰਹਿੰਦ ਜਾਪੇ ਢਾਊਗਾ।
ਜਿਹੜਾ ਖ਼ਾਲਸੇ ਨਾਲ ਅੜੇ ਮੂੰਹ ਦੀ ਖਾਊਗਾ।
ਤੇਗ਼ ਢਾਲ ਉੱਤੇ ਵੱਜੇ।
ਵਾਂਗ ਬਿਜਲੀ ਦੇ ਗੱਜੇ।
ਹੋਣੀ ਖ਼ੂਨ ਪੀ ਕੇ ਰੱਜੇ।
ਸੱਚ ਝੂਠ ਨਾਲੋਂ ਦੱਸਦੇ ਨਿਤਾਰ ਕੇ।
ਚੋਣਵੇਂ ਜਵਾਨ... ...



Scanned by CamScanner

4

ਸਾਰੇ ਭੱਜ ਗਏ ਲੁਟੇਰੇ ਜਿਹੜੇ ਨਾਲ ਆਏ ਸੀ।
ਬੰਦਾ ਲੁੱਟਣ ਦੀ ਨੀਤ ਜੋ ਲਿਆਏ ਸੀ।
ਹੁੰਦੇ ਜੰਗ ਵਿਚੋਂ ਪੈਰ ਖਿਸਕਾਏ ਸੀ।
ਭੱਜੇ ਕੁਣਕੇ ਦੇ ਯਾਰ।
ਪਾ ਮਿਆਨੀਂ ਤਲਵਾਰ।
ਦਿਲੋਂ ਮੰਨ ਤੁਰੇ ਹਾਰ।
ਲੋਟੂ ਭੱਜ ਤੁਰੇ ਸੱਚ ਨੂੰ ਵਿਸਾਰ ਕੇ।
ਚੋਣਵੇਂ ਜਵਾਨ... ...

5

ਤੀਰ ਸੂਰਮਿਆਂ ਦੇ ਸੂਰਮਿਆਂ ਨੂੰ ਡੰਗਣ।
ਜਾਂਦੇ ਚਾੜ੍ਹਦੇ ਸ਼ਹੀਦੀਆਂ ਦੀ ਰੰਗਣ।
ਮੌਤ ਬਣੀ ਫਿਰੇ ਰੱਜ ਕੇ ਮਲੰਗਣ।
ਫੁੱਲ ਡਾਲਾਂ ਨਾਲੋਂ ਟੁੱਟੇ।
ਕਈ ਹੱਥੋਂ ਹਰ ਜੁੱਟੇ।
ਭਾਗ ਜ਼ਿੰਦਗੀ ਦੇ ਫੁੱਟੇ।
ਸਿੱਖ ਮੁੜੇ ਨਹੀਂ ਮੈਦਾਨੋਂ ਕਦੇ ਹਾਰ ਕੇ।
ਚੋਣਵੇਂ ਜਵਾਨ... ...

6

ਇਕ ਦੂਜੇ ਤੋਂ ਜਵਾਨ ਕੋਈ ਘੱਟ ਨਾ।
ਲਹਿਣ ਦਿੰਦੇ ਜੋ ਮੁਛੇਰਿਆਂ ਤੋਂ ਵੱਟ ਨਾ।
ਕਹਿੰਦੇ ਚੁੱਕਣ ਗ਼ੁਲਾਮੀ ਵਾਲੀ ਛੱਟ ਨਾ।
ਮਾਰੇ ਸੈਂਕੜੇ ਜਵਾਨ।



ਤੇਗ਼ਾਂ ਲਾਹ ਸੁੱਟੇ ਘਾਣ।
ਮੌਤ ਮਿਥੀ ਜਾਵੇ ਹਾਣ।
ਤੇਗ ਕੱਢ ਦੇਣ ਧੜਾਂ ਵਿਚੋਂ ਤਾਰ ਕੇ।
ਚੋਣਵੇਂ ਜਵਾਨ... ...

7

ਜੀਉਂਦੇ ਜੱਗ 'ਤੇ ਜੋ ਕਰਦੇ ਬਹਾਦਰੀ।
ਸੂਰੇ ਜਰਦੇ ਨਹੀਂ ਕੌਮ ਦੀ ਨਿਰਾਦਰੀ।
ਚੰਗੇ ਚੰਗਿਆਂ ਨਾਲ ਰੱਖਦੇ ਬਰਾਦਰੀ।
ਤੀਰ ਮਾਰਦੇ ਟਿਕਾ ਕੇ।
ਵੱਜੇ ਮੱਥੇ ਵਿਚ ਜਾ ਕੇ।
ਕਿਲ੍ਹੇ ਹੰਗਤਾ ਦੇ ਢਾਹ ਕੇ।
ਦਿਲ ਤਪਦੇ ਜਵਾਨਾਂ ਦੇਖੇ ਠਾਰ ਕੇ।
ਚੋਣਵੇਂ ਜਵਾਨ... ...

8

ਫ਼ੌਜ ਖ਼ਾਲਸੇ ਦੀ ਚਾਰੇ ਪਾਸੇ ਗੱਜਦੀ।
ਹੋਣੀ ਖ਼ੂਨ ਪੀ ਕੇ ਯੋਧਿਆਂ ਦਾ ਰੱਜਦੀ।
ਫ਼ੌਜ ਵੈਰੀਆਂ ਦੀ ਸਿੰਘਾਂ ਮੂਹਰੇ ਭੱਜਦੀ।
ਛੱਡੇ ਤੇਗ਼ਾਂ ਚੰਗਿਆੜੇ।
ਪੈਰ ਵੈਰੀ ਦੇ ਉਖਾੜੇ।
ਯੋਧੇ ਯੋਧਿਆਂ ਲਿਤਾੜੇ।
ਇਕ ਦੂਸਰੇ ਨੂੰ ਮਾਰਦੇ ਵੰਗਾਰ ਕੇ।
ਚੋਣਵੇਂ ਜਵਾਨ ਜੁੱਟ ਪਏ।
ਚੋਟਾਂ ਦੋਹਰੀਆਂ ਨਗਾਰਿਆਂ 'ਤੇ ਮਾਰ ਕੇ।
ਚੋਣਵੇਂ ਜਵਾਨ ਜੁੱਟ ਪਏ।



Scanned by CamScanner

ਅਖ਼ੀਰ ਫ਼ਤਹਿ ਸਿੰਘ ਨੇ ਹੱਲਾ ਕਰ ਕੇ ਵਜ਼ੀਰ ਖ਼ਾਨ ਨੂੰ ਘੇਰ ਲਿਆ। ਵਜ਼ੀਰ ਖ਼ਾਂ ਨੂੰ ਬੰਦਾ ਸਿੰਘ ਦੇ ਪੇਸ਼ ਕੀਤਾ ਗਿਆ। ਬਾਬਾ ਜੀ ਨੇ ਹੁਕਮ ਦਿੱਤਾ ਕਿ ਪਾਪੀ ਨੂੰ ਵਹਿੜਕਿਆਂ ਦੇ ਮਗਰ ਪਾਉ। ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿਉ। ਸਿੰਘਾਂ ਨੇ ਹੁਕਮ ਵਜਾਇਆ। ਸੂਬੇ ਨੂੰ ਵਹਿੜਕਿਆਂ ਪਿੱਛੇ ਪਾ ਕੇ ਸ਼ਹਿਰ ਵੱਲ ਭਜਾ ਦਿੱਤਾ। ਝੱਟ ਵਿਚ ਹੀ ਖ਼ਾਲਸਾ ਸ਼ਹਿਰ ਵਿਚ ਪਹੁੰਚ ਗਿਆ। ਸਿੰਘਾਂ ਨੇ ਰੱਜ ਕੇ ਕਤਲੇਆਮ ਕੀਤੀ। ਲੁਟੇਰਿਆਂ ਨੇ ਘਰਾਂ ਨੂੰ ਅੱਗ ਲਾ ਦਿੱਤੀ। ਘੁੱਗ ਵੱਸਦਾ ਸ਼ਹਿਰ ਪਲਾਂ ਵਿਚ ਬਰਬਾਦ ਹੋ ਗਿਆ। ਸੁੱਚਾ ਨੰਦ ਨੇ ਨੱਸਣ ਦੀ ਕੋਸ਼ਿਸ਼ ਕੀਤੀ ਪਰੰਤੂ ਉਸ ਨੂੰ ਸਣੇ ਬਾਲ-ਬੱਚਿਆਂ ਦੇ ਬੰਨ੍ਹ ਲਿਆ ਗਿਆ। ਪਾਪੀ ਦਾ ਮੂੰਹ ਕਾਲਾ ਕਰ ਕੇ ਸਾਰੇ ਸ਼ਹਿਰ ਵਿਚ ਫੇਰਿਆ ਗਿਆ। ਇਕ-ਇਕ ਕਰਕੇ ਸਾਰਾ ਪਰਿਵਾਰ ਕਤਲ ਕੀਤਾ ਗਿਆ। ਸਿੰਘਾਂ ਸਰਹਿੰਦ ਤਬਾਹ ਕਰ ਕੇ ਪਾਪਾਂ ਦਾ ਬਦਲਾ ਲੈ ਲਿਆ। ਚਾਰ-ਚੁਫੇਰੇ ਖ਼ਾਲਸਾਈ ਝੰਡੇ ਝੂਲ ਰਹੇ ਸਨ।

ਬਾਬਾ ਬੰਦਾ ਸਿੰਘ ਜੀ ਨੇ ਸ. ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬੇਦਾਰ ਅਤੇ ਸ. ਆਲਾ ਸਿੰਘ ਨੂੰ ਉਸ ਦਾ ਨਾਇਬ ਥਾਪਿਆ। ਸ. ਫ਼ਤਹਿ ਸਿੰਘ ਨੂੰ ਨਵਾਬੀ ਦਾ ਖ਼ਿਤਾਬ ਦੇ ਕੇ ਸਮਾਣੇ ਦਾ ਇਲਾਕਾ ਦਿੱਤਾ। ਸ. ਰਾਮ ਸਿੰਘ ਤੇ ਸ. ਬਿਨੋਦ ਸਿੰਘ ਜੀ ਥਾਨੇਸਰ ਦੇ ਹਾਕਮ ਬਣਾਏ। ਇਹ ਹੈ ਖ਼ਾਲਸੇ ਦੀ ਸਰਹਿੰਦ 'ਤੇ ਪਹਿਲੀ ਫ਼ਤਹਿ ਅਤੇ ਇਹ ਹੈ ਪਾਪੀਆਂ ਦਾ ਹਸ਼ਰ ਜਿਨ੍ਹਾਂ ਨੇ ਮਾਸੂਮ ਸਾਹਿਬਜ਼ਾਦੇ ਸ਼ਹੀਦ ਕੀਤੇ।

—ਸਮਾਪਤ—



Scanned by CamScanner